SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 23* Issue 34 | Friday, February 16, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' *Online* ਰੋਜ਼ਾਨਾ ਪੜ੍ਹ ਸਕਦੇ ਹੋ

# ਲੈਟਵੀਆ ਮਿਸ਼ਨ ਦੇ ਏਅਰ ਡਿਫੈਂਸ ਲਈ ਕੈਨੇਡਾ ਖਰੀਦੇਗਾ 273 ਮਿਲੀਅਨ ਦੇ ਇਕਿਉਪਮੈਂਟ

ਬਰੱਸਲਜ਼, 15 ਫਰਵਰੀ (ਪੋਸਟ ਬਿਊਰੋ) : ਲੈਟਵੀਆ ਵਿੱਚ ਕੈਨੇਡਾ ਦੀ ਅਗਵਾਈ ਵਾਲੇ ਨਾਟੋ ਦੇ ਬੈਟਲ ਗਰੁੱਪ ਲਈ ਨਵੇਂ ਮਿਲਟਰੀ ਇਕਿਉਪਮੈਂਟ ਹਾਸਲ ਕਰਨ ਵਾਸਤੇ ਫੈਡਰਲ ਸਰਕਾਰ 273 ਮਿਲੀਅਨ ਡਾਲਰ ਖਰਚੇਗੀ।

ਇਸ ਤਹਿਤ ਸਾਬ ਕੈਨੇਡਾ ਇਨਕਾਰਪੋਰੇਸ਼ਨ ਤੋਂ ਘੱਟ ਦੂਰੀ ਤੱਕ ਮਾਰ ਕਰਨ ਵਾਲੇ ਏਅਰ ਡਿਫੈਂਸ ਸਿਸਟਮ ਲਈ 227.5 ਮਿਲੀਅਨ ਡਾਲਰ ਖਰਚੇ ਜਾਣਗੇ। ਇਹ ਇਕਿਉਪਮੈਂਟ ਫਿਕਸਡ ਵਿੰਗ ਏਅਰਕ੍ਰਾਫਟਸ, ਹੈਲੀਕਾਪਟਰਜ਼ ਤੇ ਡਰੋਨਜ਼ ਖਿਲਾਫ ਰੱਖਿਆ ਕਰਨਗੇ। ਇਸ ਤੋਂ ਇਲਾਵਾ ਬਾਕੀ ਦੇ 46 ਮਿਲੀਅਨ ਡਾਲਰ ਕਾਊਂਟਰ ਡਰੋਨ ਇਕਿਉਪਮੈਂਟ ਖਰੀਦਣ ਲਈ ਖਰਚੇ ਜਾਣਗੇ। ਰੱਖਿਆ ਮੰਤਰੀ ਬਿੱਲ ਬਲੇਅਰ ਨੇ ਆਖਿਆ ਕਿ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ



ਕੈਨੇਡੀਅਨ ਹਥਿਆਰਬੰਦ ਸੈਨਾਵਾਂ ਕੋਲ ਏਅਰ ਡਿਫੈਂਸ ਸਮਰੱਥਾ ਹੋਵੇਗੀ।

ਉਨ੍ਹਾਂ ਆਖਿਆ ਕਿ ਇਹ ਇਕਿਉਪਮੈਂਟ ਜਲਦ ਤੋਂ ਜਲਦ ਖਰੀਦੇ ਜਾਣਗੇ ਤੇ ਇਨ੍ਹਾਂ ਨੂੰ ਇਸ ਸਾਲ ਦੇ ਅੰਤ ਤੱਕ ਡਲਿਵਰ ਕਰ ਦਿੱਤਾ ਜਾਵੇਗਾ। ਬਲੇਅਰ ਨੇ ਇਹ ਐਲਾਨ ਬਰੱਸਲਜ਼ ਵਿੱਚ ਕੀਤਾ, ਜਿੱਥੇ ਉਹ ਨਾਟੋ ਦੇ ਰੱਖਿਆ ਮੰਤਰੀਆਂ ਦੀ ਮੀਟਿੰਗ ਵਿੱਚ ਹਿੱਸਾ ਲੈਣ ਗਏ ਹੋਏ ਹਨ।

# ਗੋਲੀ ਲੱਗਣ ਕਾਰਨ ਮਹਿਲਾ ਜ਼ਖ਼ਮੀ, ਇੱਕ ਹਿਰਾਸਤ ਵਿੱਚ

ਟੋਰਾਂਟੋ, 15 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਨੂੰ ਮਿੱਡਟਾਊਨ ਟੋਰਾਂਟੋ ਅਪਾਰਟਮੈਂਟ ਵਿੱਚ ਦੇਰ ਰਾਤ ਨੂੰ ਚੱਲੀ ਗੋਲੀ ਵਿੱਚ ਇੱਕ ਮਹਿਲਾ ਜ਼ਖ਼ਮੀ ਹੋ ਗਈ ਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਮਾਊਂਟ ਪਲੈਜ਼ੈਂਟ ਰੋਡ ਦੇ ਪੂਰਬ ਵੱਲ ਬ੍ਰਾਊਨਲੋਅ ਐਵਨਿਊ ਤੇ ਐਗਲਿੰਟਨ ਐਵਨਿਊ ਈਸਟ ਵਿੱਚ ਰਾਤੀਂ 11:30 ਦੇ ਨੇੜੇ ਤੇੜੇ ਐਮਰਜੰਸੀ ਅਮਲੇ ਨੂੰ ਕਿਸੇ ਨੂੰ ਗੋਲੀ ਲੱਗਣ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਅਧਿਕਾਰੀਆਂ ਨੇ ਇੱਕ ਮਹਿਲਾ ਨੂੰ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਸੜਕ ਉੱਤੇ ਪਾਇਆ। ਪੁਲਿਸ ਨੇ ਦੱਸਿਆ ਕਿ ਗੋਲੀ ਬਿਲਡਿੰਗ ਦੀ ਨੌਵੀਂ ਮੰਜ਼ਿਲ ਦੇ ਅਪਾਰਟਮੈਂਟ ਵਿੱਚ ਚੱਲੀ ਸੀ। ਜ਼ਖ਼ਮੀ ਮਹਿਲਾ ਕਿਸੇ



ਤਰ੍ਹਾਂ ਬਿਲਡਿੰਗ ਤੋਂ ਬਾਹਰ ਆ ਕੇ 911 ਨੂੰ ਕਾਲ ਕਰਨ ਵਿੱਚ ਸਫਲ ਰਹੀ।

ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਮੌਕੇ ਤੋਂ ਇੱਕ ਪੁਰਸ਼ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਕੋਲੋਂ ਗੰਨ ਵੀ ਬਰਾਮਦ ਕੀਤੀ ਗਈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਲੇਬਨਾਨ 'ਤੇ ਇਜ਼ਰਾਈਲੀ ਹਵਾਈ ਹਮਲਿਆਂ 'ਚ 10 ਲੋਕਾਂ ਦੀ ਮੌਤ



ਬੇਰੂਤ, 15 ਫਰਵਰੀ (ਪੋਸਟ ਬਿਊਰੋ): ਲੇਬਨਾਨ 'ਤੇ ਹੋਏ 2 ਇਜ਼ਰਾਈਲੀ ਹਵਾਈ ਹਮਲਿਆਂ 'ਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 10 ਹੋ ਗਈ ਹੈ। ਲੇਬਨਾਨ ਦੇ ਸਥਾਨਕ ਮੀਡੀਆ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਚਾਰ ਮਹੀਨਿਆਂ ਤੋਂ ਵੱਧ ਸਮੇਂ ਤੋਂ ਚੱਲ ਰਹੀ ਜੰਗ ਵਿੱਚ ਮੌਤਾਂ ਦੇ ਲਿਹਾਜ਼ ਨਾਲ ਬੁੱਧਵਾਰ ਸਭ ਤੋਂ ਘਾਤਕ ਦਿਨ ਰਿਹਾ। ਲੇਬਨਾਨ ਦੇ ਕੱਟੜਪੰਥੀ ਸਮੂਹ ਹਿਜ਼ਬੁੱਲਾ ਨੇ ਦੱਖਣੀ ਲੇਬਨਾਨ ਦੇ ਨਬਾਤੀਏਹ ਸ਼ਹਿਰ ਅਤੇ ਇੱਕ ਪਿੰਡ ਵਿੱਚ ਹੋਏ ਹਮਲਿਆਂ ਦਾ ਬਦਲਾ ਲੈਣ ਦੀ ਕਹੀ ਹੈ।

ਇਹ ਹਵਾਈ ਹਮਲੇ ਲੇਬਨਾਨ ਤੋਂ ਹੋਏ ਹਮਲੇ ਵਿੱਚ ਇੱਕ ਇਜ਼ਰਾਈਲੀ ਸੈਨਿਕ ਦੇ ਮਾਰੇ ਜਾਣ ਤੋਂ ਬਾਅਦ ਹੋਏ ਹਨ। ਲੇਬਨਾਨ ਦੇ ਸੋਨੇਹ ਪਿੰਡ ਵਿੱਚ ਇੱਕ ਔਰਤ ਅਤੇ ਉਸਦੇ ਦੋ ਛੋਟੇ ਬੱਚਿਆਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ 6 ਔਰਤਾਂ ਅਤੇ 3 ਬੱਚੇ ਸ਼ਾਮਲ ਹਨ। ਬੁੱਧਵਾਰ ਨੂੰ ਹਿਜ਼ਬੁੱਲਾ ਦੇ ਤਿੰਨ ਲੜਾਕੇ ਵੀ ਮਾਰੇ ਗਏ ਸਨ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਉੱਤਰੀ ਇਜ਼ਰਾਈਲ ਦੇ ਸਫੇਦ ਕਸਬੇ 'ਤੇ ਲੇਬਨਾਨ ਤੋਂ ਹੋਏ ਹਮਲੇ 'ਚ ਇਕ ਮਹਿਲਾ ਇਜ਼ਰਾਈਲੀ ਫੌਜੀ ਦੀ ਮੌਤ ਹੋ ਗਈ ਸੀ ਅਤੇ 8 ਲੋਕ ਜ਼ਖਮੀ ਹੋ ਗਏ ਸਨ।

MagGas Medical Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨ, ਮਾਸਕ ਅਤੇ ਸਪਲਾਈ
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟਰਕਟਰ
647-998-7500 ਬਲਵਿੰਦਰ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com



## ਅੱਜ ਨਾਮਾ >>

ਕੋਰਟ ਸੁਪਰੀਮ ਨੇ ਅੱਜ ਜੋ ਹੁਕਮ ਕੀਤਾ,
ਬਾਹਲੀ ਵੱਡੀ ਉਸ ਮਾਰੀ ਆ ਸੱਟ ਮੀਆਂ।
ਚੋਣ ਫੰਡਾਂ ਵਿੱਚ ਹੁੰਦੀ ਸੀ ਨਿੱਤ ਗੜਬੜ,
ਰਸਤਾ ਮਘੋਰਿਆਂ ਦਾ ਦਿੱਤਾ ਕੱਟ ਮੀਆਂ।
ਮਿਲਦੀ ਮਾਇਆ ਦਾ ਪੁੱਛ ਹਿਸਾਬ ਸਾਰਾ,
ਵੱਡੇ ਘਰਾਣਿਆਂ ਦੇ ਕੱਢੇ ਈ ਵੱਟ ਮੀਆਂ।
ਫਸਣ ਲੱਗੇ ਆ ਬੈਂਕਾਂ ਦੇ ਨਾਲ ਅਫਸਰ,
ਸਕਣਗੇ ਦੱਸ ਉਹ ਵੱਧ ਨਾ ਘੱਟ ਮੀਆਂ।
ਕਰਿਆ-ਕੱਤਰਿਆ ਸਾਰਾ ਸੀ ਰਾਜਨੀਤੀ,
ਲੱਗੇ ਬੈਂਕਰ ਤੇ ਸੇਠ ਕਈ ਅੜਨ ਮੀਆਂ।
ਅਦਾਲਤ ਜਿਸ ਤਰ੍ਹਾਂ ਅੱਜ ਹੈ ਸੱਟ ਮਾਰੀ,
ਕਈ ਪੱਖਾਂ ਨੂੰ ਪਾਇਆ ਹੈ ਪੜ੍ਹਨ ਮੀਆਂ।

**ਤੀਸ ਮਾਰ ਖਾਂ**

# ਰੂਸ ਦੇ ਰਾਸ਼ਟਰਪਤੀ ਪੁਤਿਨ ਦਾ ਵੱਡਾ ਦਾਅਵਾ, ਕੈਂਸਰ ਦੀ ਵੈਕਸੀਨ ਬਣਾਉਣ ਦੇ ਬਹੁਤ ਨੇੜੇ

ਮਾਸਕੋ, 15 ਫਰਵਰੀ (ਪੋਸਟ ਬਿਊਰੋ): ਰੂਸ ਕੈਂਸਰ ਵਰਗੀ ਲਾਇਲਾਜ ਬਿਮਾਰੀ ਦੀ ਵੈਕਸੀਨ ਬਣਾਉਣ ‘ਤੇ ਕੰਮ ਕਰ ਰਿਹਾ ਹੈ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਦਾਅਵਾ ਕੀਤਾ ਹੈ ਕਿ ਰੂਸ ਇਸ ਵੈਕਸੀਨ ਨੂੰ ਬਣਾਉਣ ਦੇ ਬਹੁਤ ਨੇੜੇ ਪਹੁੰਚ ਚੁੱਕਾ ਹੈ। ਰਾਸ਼ਟਰਪਤੀ ਪੁਤਿਨ ਨੇ ਕਿਹਾ ਕਿ ਰੂਸੀ ਵਿਗਿਆਨੀ ਇਸ ‘ਤੇ ਕੰਮ ਕਰ ਰਹੇ ਹਨ ਅਤੇ ਉਹ ਆਖਰੀ ਪੜਾਅ ‘ਤੇ ਹਨ।




ਰਾਸ਼ਟਰਪਤੀ ਨੇ ਮਾਸਕੋ ਫੋਰਮ ਵਿੱਚ ਆਪਣੇ ਸੰਬੋਧਨ ਵਿੱਚ ਕਿਹਾ, “ਅਸੀਂ ਤਥਾਕਥਿਤ ਕੈਂਸਰ ਵੈਕਸੀਨ ਅਤੇ ਨਵੀਂ ਪੀੜ੍ਹੀ ਦੀ ਇਮਯੂਨੋਮੋਡਿਊਲੇਟਰੀ ਦਵਾਈਆਂ ਬਣਾਉਣ ਦੇ ਬਹੁਤ ਨੇੜੇ ਹਾਂ। ਪੁਤਿਨ ਨੇ ਕਿਹਾ, “ਮੈਨੂੰ ਉਮੀਦ ਹੈ ਕਿ ਜਲਦੀ ਹੀ ਵੈਕਸੀਨ ਦੀ ਵਰਤੋਂ ਲੋਕਾਂ ਦੇ ਇਲਾਜ ਲਈ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾ ਸਕੇਗੀ।" ਹਾਲਾਂਕਿ ਪੁਤਿਨ ਨੇ ਇਹ ਨਹੀਂ ਦੱਸਿਆ ਕਿ ਇਸ ਕੈਂਸਰ ਵੈਕਸੀਨ ਦੀ ਵਰਤੋਂ ਕਿਸ ਕਿਸਮ ਦੇ ਕੈਂਸਰ ਦੇ ਇਲਾਜ ਲਈ ਕੀਤੀ ਜਾਵੇਗੀ। ਪੁਤਿਨ ਨੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ ਕਿ ਇਹ ਮਰੀਜ਼ਾਂ ਲਈ ਕਦੋਂ ਉਪਲਬਧ ਹੋਵੇਗੀ।

ਪਿਛਲੇ ਸਾਲ ਯੂ.ਕੇ. ਸਰਕਾਰ ਨੇ 2030 ਤੱਕ 10,000 ਮਰੀਜ਼ਾਂ ਤੱਕ ਪਹੁੰਚਣ ਦੇ ਉਦੇਸ਼ ਨਾਲ ਕੈਂਸਰ ਦੇ ਇਲਾਜ ਲਈ ਕਲੀਨਿਕਲ ਟ੍ਰਾਇਲ ਕਰਨ ਲਈ ਜਰਮਨੀ ਸਥਿਤ ਬਾਇਓਐਨਟੈਕ ਨਾਲ ਇੱਕ ਸੌਦੇ ਦਾ ਐਲਾਨ ਕੀਤਾ ਸੀ। ਫਾਰਮਾਸਿਊਟੀਕਲ ਕੰਪਨੀਆਂ ਮੋਡੇਰਨਾ ਅਤੇ ਮਰਕ ਐਂਡ ਕੰਪਨੀ ਇੱਕ ਪ੍ਰਯੋਗਾਤਮਕ ਕੈਂਸਰ ਵੈਕਸੀਨ ਬਣਾ ਰਹੀਆਂ ਹਨ ਜਿਸ ਦੇ ਇੱਕ ਅਧਿਐਨ ਨੇ ਦਿਖਾਇਆ ਹੈ ਕਿ ਤਿੰਨ ਸਾਲਾਂ ਦੇ ਇਲਾਜ ਤੋਂ ਬਾਅਦ ਚਮੜੀ ਦੇ ਕੈਂਸਰ ਮੇਲਾਨੋਮਾ ਦੇ ਮੁੜ ਆਉਣ ਜਾਂ ਮਰਨ ਦੀ ਸੰਭਾਵਨਾ ਅੱਧੀ ਹੋ ਜਾਵੇਗੀ।

# ਇੰਡੀ ਗਠਜੋੜ ਨੂੰ ਵੱਡਾ ਝਟਕਾ, ਫਾਰੂਕ ਅਬਦੁੱਲਾ ਨੇ ਕਿਹਾ, ਇਕੱਲੇ ਲੜਾਂਗੇ ਚੋਣ

ਨਵੀਂ ਦਿੱਲੀ। 15 ਫਰਵਰੀ (ਪੋਸਟ ਬਿਊਰੋ): ਲੋਕ ਸਭਾ ਚੋਣਾਂ 2024 ਤੋਂ ਪਹਿਲਾਂ ਇੰਡੀ ਗਠਜੋੜ ਨੂੰ ਇਕ ਤੋਂ ਬਾਅਦ ਇਕ ਲਗਾਤਾਰ ਝਟਕਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੌਰਾਨ ਹੁਣ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਭਾਰਤ ਗਠਜੋੜ ਨੂੰ ਵੱਡਾ ਝਟਕਾ ਦਿੱਤਾ ਹੈ। ਦਰਅਸਲ, ਫਾਰੂਕ ਅਬਦੁੱਲਾ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਇਕੱਲੇ ਹੀ ਲੜੇਗੀ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਦੋਵਾਂ ਸੂਬਿਆਂ 'ਚ ਸੰਸਦੀ ਚੋਣਾਂ ਨਾਲ ਚੋਣਾਂ ਸ਼ੁਰੂ ਹੋ ਜਾਣਗੀਆਂ। ਜਿੱਥੋਂ ਤੱਕ ਸੀਟਾਂ ਦੀ ਵੰਡ ਦਾ ਸਵਾਲ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਨੈਸ਼ਨਲ ਕਾਨਫਰੰਸ ਇਕੱਲਿਆਂ ਹੀ ਚੋਣਾਂ ਲੜੇਗੀ।



ਕਾਂਗਰਸ 'ਤੇ ਹਮਲਾ ਕਰਦੇ ਹੋਏ ਡੀਪੀਏਪੀ ਦੇ ਪ੍ਰਧਾਨ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਜੇਕਰ ਭਾਜਪਾ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ 400 ਤੋਂ ਵੱਧ ਸੀਟਾਂ ਜਿੱਤਦੀ ਹੈ ਤਾਂ ਵਿਰੋਧੀ ਧਿਰ ਦੀ ਅਗਵਾਈ ਕਰਨ 'ਚ ਨਾਕਾਮ ਰਹਿਣ ਵਾਲੀ ਪਾਰਟੀ ਨਿਰਾਸ਼ ਹੋ ਜਾਵੇਗੀ। ਉਹ ਇਸ ਲਈ ਜ਼ਿੰਮੇਵਾਰ ਹੋਵੇਗੀ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਐਲਾਨ ਕੀਤਾ ਸੀ ਕਿ ਉਹ ਪੰਜਾਬ ਵਿੱਚ ਇਕੱਲਿਆਂ ਹੀ ਚੋਣਾਂ ਲੜੇਗੀ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਜਨਤਾ ਦਲ ਯੂਨਾਈਟਿਡ ਵੀ ਭਾਰਤੀ ਗਠਜੋੜ ਤੋਂ ਵੱਖ ਹੋ ਗਿਆ ਸੀ। ਇਸ ਤੋਂ ਬਾਅਦ ਬਿਹਾਰ ਵਿਚ ਸਰਕਾਰ ਡਿੱਗ ਗਈ। ਨਿਤੀਸ਼ ਕੁਮਾਰ ਅਤੇ ਉਨ੍ਹਾਂ ਦੀ ਪਾਰਟੀ ਇੱਕ ਵਾਰ ਫਿਰ ਐੱਨਡੀਏ ਨਾਲ ਗਠਜੋੜ ਵਿੱਚ ਆ ਗਈ ਹੈ। ਇਸ ਦੇ ਨਾਲ ਹੀ ਆਰਐੱਲਡੀ ਮੁਖੀ ਜਯੰਤ ਚੌਧਰੀ ਵੀ ਇੰਡੀ ਗਠਜੋੜ ਛੱਡ ਕੇ ਭਾਜਪਾ ਵਿੱਚ ਸ਼ਾਮਿਲ ਹੋ ਗਏ ਹਨ। ਅਜਿਹੇ 'ਚ ਚੋਣਾਂ ਤੋਂ ਠੀਕ ਪਹਿਲਾਂ ਨੈਸ਼ਨਲ ਕਾਨਫਰੰਸ ਦਾ ਭਾਰਤ ਗਠਜੋੜ ਤੋਂ ਹਟਣਾ ਵਿਰੋਧੀ ਧਿਰ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

# ਅਮਰੀਕਾ ਵਿਚ ਰੇਲਵੇ ਪਲਟਫਾਰਮ ’ਤੇ ਹੋਈ ਗੋਲੀਬਾਰੀ ਵਿੱਚ ਇਕ ਮੌਤ, 5 ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ, 15 ਫਰਵਰੀ (ਹੁਸਨ ਲੜੋਆ ਬੰਗਾ): ਬਰੋਨਕਸ, ਨਿਊਯਾਰਕ ਵਿਚ ਇਕ ਰੇਲਵੇ ਪਲੇਟਫਾਰਮ ਉਪਰ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜਖਮੀ ਹੋ ਜਾਣ ਦੀ ਖਬਰ ਹੈ। ਲਾਅ ਇਨਫੋਰਸਮੈਂਟ ਸੂਤਰਾਂ ਅਨੁਸਾਰ ਝਗੜੇ ਉਪਰੰਤ ਸ਼ੂਟਰ ਨੇ ਮਾਊਂਟ ਈਡਨ ਸਟੇਸ਼ਨ ਦੇ ਪਲੇਟਫਾਰਮ 'ਤੇ ਖੜੇ ਯਾਤਰੀਆਂ ਉਪਰ ਅੰਧਾਧੁੰਦ ਗੋਲੀਆਂ ਚਲਾਉਣੀਆਂ ਸ਼ੁਰੂ ਕਰ



ਦਿੱਤੀਆਂ। ਗੋਲੀਬਾਰੀ ਵਿਚ ਜਖਮੀ ਹੋਏ 6 ਵਿਅਕਤੀਆਂ ਵਿਚੋਂ ਇਕ ਹਸਪਤਾਲ ਵਿਚ ਦਮ ਤੋੜ ਗਿਆ। ਗੋਲੀਬਾਰੀ ਉਪੰਰਤ ਹਮਲਾਵਰ ਘਟਨਾ ਸਥਾਨ ਤੋਂ ਫਰਾਰ ਹੋਣ ਵਿੱਚ ਸਫਲ ਹੋ ਗਿਆ। ਘਟਨਾ ਦੀ ਨਿਊਯਾਰਕ ਪੁਲਿਸ ਵਿਭਾਗ ਜਾਂਚ ਕਰ ਰਿਹਾ ਹੈ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

SherGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

# ਕੇਂਦਰ ਸਰਕਾਰ ਨੇ ਕਿਸਾਨਾਂ 'ਤੇ ਚੁੱਕੇ ਸਵਾਲ, ਇਸ਼ਤਿਹਾਰ ਕੀਤਾ ਜਾਰੀ

ਨਵੀਂ ਦਿੱਲੀ, 15 ਫਰਵਰੀ (ਪੋਸਟ ਬਿਊਰੋ): ਕਿਸਾਨ ਅੰਦੋਲਨ ਨੂੰ ਲੈ ਕੇ ਕੇਂਦਰ ਸਰਕਾਰ ਨੇ ਧਰਨਾ ਦੇ ਰਹੇ ਕਿਸਾਨਾਂ 'ਤੇ ਸਵਾਲ ਖੜ੍ਹੇ ਕੀਤੇ ਹਨ। ਕੇਂਦਰ ਸਰਕਾਰ ਨੇ ਇੱਕ ਇਸ਼ਤਿਹਾਰ ਜਾਰੀ ਕੀਤਾ ਹੈ। ਜਿਸ ਵਿੱਚ ਸਵਾਲ ਪੁੱਛਿਆ ਗਿਆ ਸੀ ਕਿ ਹੁਣ ਕਿਸਾਨਾਂ ਦਾ ਹਰ ਤਰ੍ਹਾਂ ਨਾਲ ਖਿਆਲ ਰੱਖਿਆ ਜਾ ਰਿਹਾ ਹੈ ਤਾਂ ਫਿਰ ਅੰਦੋਲਨ ਕਿਉਂ?

ਕੇਂਦਰ ਦਾ ਕਹਿਣਾ ਹੈ ਕਿ ਹੁਣ ਪੰਜਾਬ ਵਿੱਚ ਕਿਸਾਨ ਅੰਦੋਲਨ ਕਿਉਂ? ਕਿਸਾਨਾਂ () ਨੂੰ ਸੋਚਣਾ ਚਾਹੀਦਾ ਹੈ ਕਿ 3 ਖੇਤੀ ਕਾਨੂੰਨ ਰੱਦ ਕਰ ਦਿੱਤੇ ਗਏ ਹਨ। ਕੇਂਦਰ ਸਰਕਾਰ ਕਿਸਾਨਾਂ ਤੋਂ ਕਣਕ, ਝੋਨਾ ਅਤੇ ਕਪਾਹ 100 ਫੀਸਦੀ ਅਦਾਇਗੀ 'ਤੇ ਖਰੀਦਦੀ ਹੈ। ਇਸ ਤੋਂ ਇਲਾਵਾ ਵੀ ਕਈ ਅਜਿਹੇ ਪ੍ਰੋਜੈਕਟ ਹਨ ਜਿਨ੍ਹਾਂ ਦਾ ਕਿਸਾਨਾਂ ਨੂੰ ਫਾਇਦਾ ਹੋ ਰਿਹਾ ਹੈ।

ਇਸ ਦੇ ਨਾਲ ਹੀ ਕੇਂਦਰ ਨੇ ਪਿਛਲੇ 10 ਸਾਲਾਂ ਵਿੱਚ ਕਿਸਾਨਾਂ ਦੀ ਬਿਹਤਰੀ ਲਈ ਚੁੱਕੇ ਗਏ ਕਦਮਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ ।

ਕੇਂਦਰ ਵੱਲੋਂ ਜਾਰੀ ਇਸ਼ਤਿਹਾਰ ਦਾ ਵੇਰਵਾ :

ਖੇਤੀ ਬਜਟ 5 ਗੁਣਾ ਵਾਧਾ, ਖੇਤੀ ਆਧਾਰਿਤ ਬੁਨਿਆਦੀ ਢਾਂਚੇ ਲਈ ਨਿਵੇਸ਼ ਵਧਿਆ ਹੈ। ਕਿਸਾਨਾਂ ਦੀ ਹਰ ਲੋੜ ਨੂੰ ਪੂਰਾ ਕਰਨ ਲਈ ਪ੍ਰਧਾਨ ਮੰਤਰੀ ਕਿਸਾਨ ਸਮ੍ਰਿਧੀ ਕੇਂਦਰਾਂ ਦੀ ਸਥਾਪਨਾ ਕੀਤੀ ਗਈ ਸੀ।

ਖਾਦ ਦਾ ਉਤਪਾਦਨ ਅਤੇ ਸਬਸਿਡੀ ਵਧਾਈ ਗਈ। ਨਿੰਮ ਕੋਟਿਡ ਯੂਰੀਆ ਦੀ ਉਪਲਬਧਤਾ ਵਧੀ ਹੈ। ਯੂਰੀਆ ਹੁਣ ਸਿੱਧਾ ਕਿਸਾਨ ਤੱਕ ਪਹੁੰਚਦਾ ਹੈ।

ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਤਹਿਤ ਕਿਸਾਨਾਂ ਨੂੰ ਸਾਲਾਨਾ 6 ਹਜ਼ਾਰ ਰੁਪਏ ਮਿਲ ਰਹੇ ਹਨ। 2.8 ਲੱਖ ਕਰੋੜ ਰੁਪਏ ਦੀ ਸਨਮਾਨ ਨਿਧੀ ਵੰਡੀ ਜਾ ਰਹੀ ਹੈ।

ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦੇ ਤਹਿਤ ਫਸਲਾਂ ਦੇ ਨੁਕਸਾਨ ਦੇ ਕਵਰ ਦਾ ਦਾਇਰਾ ਵਧਾ ਦਿੱਤਾ ਗਿਆ ਹੈ। ਤਕਨਾਲੋਜੀ ਦੀ ਵਰਤੋਂ ਨਾਲ 1.54 ਲੱਖ ਕਰੋੜ ਰੁਪਏ ਦੀ ਬੀਮਾ ਰਾਸ਼ੀ ਤੁਰੰਤ ਪਾਸ ਕੀਤੀ ਜਾ ਰਹੀ ਹੈ।

ਦੇਸ਼ ਭਰ ਦੀਆਂ 1389 ਮੰਡੀਆਂ ਈ-ਨਾਮ 'ਤੇ ਰਜਿਸਟਰਡ ਹਨ। ਇਸ ਕਾਰਨ ਕਰੋੜਾਂ ਕਿਸਾਨਾਂ ਨੇ ਆਪਣੀ ਪਸੰਦ ਦੀ ਮੰਡੀ ਵਿੱਚ ਆਪਣੀ ਫਸਲ ਆਨਲਾਈਨ ਵੇਚਣੀ ਸ਼ੁਰੂ ਕਰ ਦਿੱਤੀ ਹੈ।

22 ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਇਤਿਹਾਸਕ ਵਾਧਾ ਹੋਇਆ ਹੈ। 22 ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਵਧਾਇਆ ਗਿਆ, ਜਿਸ ਨਾਲ 50 ਫੀਸਦੀ ਵਾਪਸੀ ਦੀ ਗਾਰੰਟੀ ਯਕੀਨੀ ਬਣਾਈ ਗਈ।

ਨਮੋ ਡਰੋਨ ਦੀਦੀ ਯੋਜਨਾ ਦੇ ਤਹਿਤ ਡਰੋਨ ਦੀ ਖਰੀਦ 'ਤੇ 80 ਫੀਸਦੀ ਰਾਹਤ ਹੈ।

ਸਥਾਨਕ ਖੇਤੀਬਾੜੀ ਸਪਲਾਈ ਲੜੀ ਵਿੱਚ ਬੀਬੀਆਂ ਦੀ ਭਾਗੀਦਾਰੀ ਹੈ।



ਧਰਤੀ ਦੇ ਪੁੱਤਾਂ ਨੂੰ ਭਾਰਤ ਰਤਨ ਦਿੱਤਾ ਗਿਆ। ਅੰਨ ਦਾਨੀਆਂ ਦਾ ਸਨਮਾਨ ਕਰਦਿਆਂ ਕਿਸਾਨ ਪੁੱਤਰ ਚੌਧਰੀ ਚਰਨ ਸਿੰਘ ਅਤੇ ਹਰੀ ਕ੍ਰਾਂਤੀ ਦੇ ਪ੍ਰੇਰਨਾ ਸਵਾਮੀਨਾਥਨ ਨੂੰ ਭਾਰਤ ਰਤਨ ਪ੍ਰਦਾਨ ਕੀਤਾ ਗਿਆ ਹੈ।

ਜਿਕਰਯੋਗ ਹੈ ਕਿ ਪੰਜਾਬ ਦੇ ਕਿਸਾਨ ਦਿੱਲੀ ਵੱਲ ਮਾਰਚ ਕਰਨ ਲਈ 3 ਦਿਨਾਂ ਤੋਂ ਹਰਿਆਣਾ ਬਾਰਡਰ 'ਤੇ ਖੜ੍ਹੇ ਹਨ। ਬੀਤੇ ਦੋ ਦਿਨਾਂ ਤੋਂ ਦੁਪਹਿਰ 12 ਵਜੇ ਕਿਸਾਨ ਇਕੱਠੇ ਹੋ ਕੇ ਪੰਜਾਬ-ਹਰਿਆਣਾ ਦੇ ਸ਼ੰਭੂ, ਖਨੌਰੀ ਅਤੇ ਡੱਬਵਾਲੀ ਬਾਰਡਰਾਂ 'ਤੇ ਪੁੱਜੇ।

ਇੱਥੇ ਹਰਿਆਣਾ ਪੁਲਿਸ ਅਤੇ ਅਰਧ ਸੈਨਿਕ ਬਲ ਨੇ ਉਨ੍ਹਾਂ ਨੂੰ ਬੈਰੀਕੇਡਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਨਾਲ ਰੋਕਿਆ। ਉਦੋਂ ਤੋਂ ਹੀ ਕਿਸਾਨਾਂ ਨੇ ਬਾਰਡਰਾਂ 'ਤੇ ਡੇਰੇ ਲਾਏ ਹੋਏ ਹਨ। ਇਸ ਵਿੱਚ ਕਈ ਕਿਸਾਨ ਜ਼ਖਮੀ ਵੀ ਹੋਏ ਹਨ।









## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664








**Allseas Fisheries Inc. is Hiring!**

**DZ licensed delivery drivers needed.**

Pay is $24/hour. Full time, permanent

Should work any day of the week, including weekends.

If interested, please forward resume to **rgidda@allseas.net**






# ਡੇਂਗੂ ਬੁਖਾਰ: ਕਾਰਨ, ਲੱਛਣ, ਪਹਿਚਾਣ, ਪ੍ਰਹੇਜ ਤੇ ਇਲਾਜ




-ਡਾ. ਅਜੀਤਪਾਲ ਸਿੰਘ ਐਮ.ਡੀ-.

ਡੇਂਗੂ ਤੇ ਚਿਕਨਗੁਨੀਆ ਵਾਇਰਲ ਬੁਖਾਰ ਹਨ ਜੋ ਡੀਈ ਐੱਨ-1,ਡੀ ਈ ਐਨ-2, ਡੀ ਈ ਐਨ-3 ਤੇ ਡੀ ਈ ਐੱਨ-4 ਵਿਚੋਂ ਕਿਸੇ ਇੱਕ ਵਾਇਰਸ ਜਾਂ ਇੱਕ ਦੇ ਨਾਲ ਦੂਜੇ ਸਟ੍ਰੈਨ ਦੇ ਕਾਰਨ ਹੁੰਦਾ ਹੈ।ਏਡੀਜ਼ ਏਜਿਪਟਾਈ ਤੇ ਐਲਵੋਪਿਕਟਸ ਨਾਮਕ ਪ੍ਰਜਾਤੀ ਦੇ ਦੋ ਮੱਛਰ ਹੀ ਇਨ੍ਹਾਂ ਡੇਂਗੂ ਤੇ ਚਿਕਨਗੁਨੀਆ ਰੋਗਾਂ ਨੂੰ ਫੈਲਾਉਣ ਲਈ ਜ਼ਿੰਮੇਵਾਰ ਮੰਨੇ ਜਾਂਦੇ ਹਨ। ਡੇਂਗੂ ਬੁਖਾਰ ਅਚਾਨਕ ਹੁੰਦਾ ਹੈ ਜਿਸ ਨਾਲ ਰੋਗੀ ਨੂੰ ਤੇਜ਼ ਬੁਖਾਰ ਸਰੀਰ ਤੇ ਦਾਣੇ, ਭਿਅੰਕਰ ਸਿਰਦਰਦ, ਅੱਖਾਂ ਪਿੱਛੇ ਮਾਸਪੇਸ਼ੀਆਂ ਤੇ ਜੋੜਾਂ ਵਿੱਚ ਅਸਹਿ ਦਰਦ ਹੁੰਦਾ ਹੈ। ਇਸ ਦਰਦ ਦੀ ਭਿਆਨਕਤਾ ਦੇ ਕਾਰਨ ਡੇਂਗੂ ਬੁਖਾਰ ਨੂੰ "ਹੱਡੀ ਤੋੜ ਬੁਖਾਰ" ਵੀ ਕਹਿੰਦੇ ਹਨ।

### ਲੱਛਣ:-

ਉਲਟੀ ਆਉਣੀ, ਜੀ ਕੱਚਾ ਹੋਣਾ, ਭੁੱਖ ਨਾ ਲੱਗਣਾ ਤੇ ਬੁਖਾਰ ਦੇ 3 ਦਿਨਾਂ ਪਿਛੋਂ ਦਾਣੇ ਨਿਕਲ ਆਉਣੇ ਇਸ ਦੇ ਮੁੱਖ ਲੱਛਣ ਹਨ। ਇਹ ਬੀਮਾਰੀ ਦਸ ਦਿਨਾਂ ਤੱਕ ਰਹਿੰਦੀ ਹੈ ਪਰ ਇਸ ਤੋਂ ਪੂਰੀ ਤਰ੍ਹਾਂ ਛੁਟਕਾਰੇ ਵਿੱਚ ਲੱਗਭੱਗ ਇੱਕ ਮਹੀਨਾ ਲੱਗ ਜਾਂਦਾ ਹੈ। ਇਹ ਬੀਮਾਰੀ ਜੇ ਖਾੜਕੂ ਰੂਪ ਧਾਰਨ ਕਰ ਲਵੇ ਤਾਂ ਡੇਂਗੂ "ਹੈਮੋਰੈਜਿਕ ਫੀਵਰ" ਵਿੱਚ ਬਦਲ ਜਾਂਦਾ ਹੈ, ਜਿਸ ਖ਼ੂਨ ਅੰਦਰ ਪਲੇਟਲੈਟਸ ਦੀ ਬਹੁਤ ਕਮੀ ਹੋ ਜਾਂਦੀ ਹੈ ਅਤੇ ਮੂੰਹ ਮਸੂੜੇ ਤੇ ਸਰੀਰ ਦੇ ਵੱਖ ਵੱਖ ਅੰਗਾਂ ਵਿੱਚੋਂ ਖ਼ੂਨ ਵਗਣ ਲੱਗਦਾ ਹੈ। ਜੇ ਤੁਰੰਤ ਇਲਾਜ ਨਾ ਮਿਲੇ ਤਾਂ ਖ਼ੂਨ ਇਕੱਠਾ ਹੋਣ ਵਾਲੀ ਥਾਂ ਤੇ ਨਸਾਂ ਨੂੰ ਹਰਜਾ ਹੋ ਜਾਂਦਾ ਹੈ। ਇਹ ਡੇਂਗੂ ਸ਼ਾਕ ਸਿੰਡਰੋਮ ਪੈਦਾ ਕਰਕੇ ਮਰੀਜ਼ ਨੂੰ ਮੌਤ ਵੱਲ ਵੀ ਲੈ ਜਾ ਸਕਦੇ ਹਨ।

### ਕੀਤਾ ਕੀ ਜਾਵੇ ?

ਪੂਰੀ ਸਿਹਤਯਾਬੀ ਅਤੇ ਤੰਦਰੁਸਤੀ ਲਈ ਮਾਹਿਰਾਂ ਦੀ ਰਾਇ ਹੈ ਕਿ ਬਿਸਤਰੇ ਤੇ ਵੱਧ ਤੋਂ ਵੱਧ ਆਰਾਮ ਕੀਤਾ ਜਾਵੇ,ਵੱਧ ਤੋਂ ਤਰਲ ਪਦਾਰਥ ਲਏ ਜਾਣ,ਬੁਖਾਰ ਤੇ ਦਰਦ ਦੀ ਤੀਬਰਤਾ ਨੂੰ ਘੱਟ ਕਰਨ ਲਈ ਪਾਣੀ ਦੀਆਂ ਪੱਟੀਆਂ ਲਾਈਆਂ ਜਾਣ। ਐੱਸਪਰੀਨ ਤੇ ਆਈਬੋਪ੍ਰੋਫਿਨ ਵਰਗੀਆਂ ਦਵਾਈਆਂ ਨਹੀਂ ਲੈਣੀਆਂ ਚਾਹੀਦੀਆਂ, ਸਿਰਫ ਪੈਰਾਸੀਟਾਮੋਲ ਹੀ ਲਈ ਜਾ ਸਕਦੀ ਹੈ। ਐਸਪ੍ਰੀ ਤੇ ਬਰੂਫਿਨ ਲੈਣੀ ਹਾਨੀਕਾਰਕ ਹੁੰਦੀ ਹੈ। ਇਸ ਲਈ ਇਹਨਾਂ ਤੋਂ ਪਰਹੇਜ਼ ਹੀ ਕਰੋ। ਜੇ ਬੁਖਾਰ ਤੇਜ਼ ਹੋ ਗਿਆ ਹੋਵੇ ਅਤੇ ਰੋਗੀ "ਹੈਮੋਰੈਜਿਕ ਫੀਵਰ" ਵਿੱਚ ਜਾ ਰਿਹਾ ਹੋਵੇ ਤੇ ਸਰੀਰ 'ਚ ਖ਼ੂਨ ਵਗ ਰਿਹਾ ਹੋਵੇ ਭਾਵ ਹੈਮਰੇਜ ਹੋ ਗਿਆ ਹੋਵੇ ਤੇ ਪਲੇਟਲੈਟਸ ਕਾਫ਼ੀ ਗਿਣਤੀ ਵਿੱਚ ਘਟ ਜਾਣ ਤਾਂ ਰਕਤ(ਪਲੇਟਲੈਟਸ ਭਰਪੂਰ ਪਲਾਜ਼ਮਾ) , ਤਰਲ ਪਦਾਰਥ ਅਤੇ ਲਵਣ ਦੇਣਾ ਜਿੰਦਗੀ ਬਚਾਉਣ ਦਾ ਇੱਕੋ ਇੱਕ ਰਾਹ ਹੁੰਦਾ ਹੈ। ਚਿਕਨਗੁਨੀਆ ਰੋਗ ਵੀ ਏਡੀਜ਼ ਮੱਛਰ ਕਾਰਨ ਫੈਲਦਾ ਹੈ, ਇਸ ਵਿੱਚ ਤੇਜ਼ ਬੁਖ਼ਾਰ ਤਾਂ ਦੋ-ਤਿੰਨ ਦਿਨ ਵਿੱਚ ਹੀ ਉੱਤਰ ਜਾਂਦਾ ਹੈ ਪਰ ਜੋੜਾਂ ਦਾ ਦਰਦ, ਨੀਂਦ ਨਾ ਆਉਣੀ ਤੇ ਆਪਣੇ ਆਪ ਨੂੰ ਬਹੁਤ ਹੀ ਬੇਵਸ ਤੇ ਬੇਸਹਾਰਾ ਜਿਹਾ ਮਹਿਸੂਸ ਕਰਨਾ ਆਦਿ ਲੱਛਣ ਕਾਫੀ ਦਿਨਾਂ ਤੱਕ ਬਣੇ ਰਹਿੰਦੇ ਹਨ।

### ਡੇਂਗੂ ਦਾ ਦੂਜਾ ਹੱਲਾ ਵੱਧ ਖਤਰਨਾਕ ਕਿਉਂ ਹੁੰਦਾ ਹੈ ?

ਜੇ ਤੁਸੀਂ ਪਿਛਲੇ ਸਾਲ ਡੇਂਗੂ ਦੇ ਸ਼ਿਕਾਰ ਹੋਏ ਸੀ ਤਾਂ ਇਸ ਵਾਰੀ ਆਪ ਨੂੰ ਵੱਧ ਚੌਕਸ ਰਹਿਣ ਦੀ ਲੋੜ ਹੁੰਦੀ ਹੈ ਕਿਉਂਕਿ ਦੂਜਾ ਅਟੈਕ ਵੱਧ ਖ਼ਤਰਨਾਕ ਹੋ ਸਕਦਾ ਹੈ। ਹਾਰਟ ਕੇਅਰ ਫਾਊਂਡੇਸ਼ਨ ਆਫ ਇੰਡੀਆ ਦੇ ਪ੍ਰਧਾਨ ਤੇ ਦਿਲ ਦੇ ਰੋਗਾਂ ਦੇ ਮਾਹਰ ਡਾਕਟਰ ਕੇ. ਕੇ. ਅਗਰਵਾਲ ਅਨੁਸਾਰ ਡੇਂਗੂ ਚਾਰ ਕਿਸਮ ਦਾ ਹੁੰਦਾ ਹੈ ਅਤੇ ਇੱਕ ਬੰਦਾ ਡੇਂਗੂ ਦੀ ਮਾਰ ਹੇਠ ਚਾਰ ਵਾਰੀ ਆ ਸਕਦਾ ਹੈ। ਇੱਕ ਤੋਂ ਪਿੱਛੋਂ ਇੱਕ ਡੇਂਗੂ ਇਨਫੈਕਸ਼ਨ ਹਮੇਸ਼ਾ ਗੰਭੀਰ ਹੁੰਦੀ ਹੈ ਅਤੇ ਇਸ ਨਾਲ ਮੌਤ ਦਾ ਖ਼ਤਰਾ ਵੀ ਵੱਧ ਹੁੰਦਾ ਹੈ। ਡਾਕਟਰ ਅਗਰਵਾਲ ਨੇ ਕਿਹਾ ਕਿ ਡੇਂਗੂ ਦਾ ਸ਼ਿਕਾਰ ਵਿਅਕਤੀ ਮਲੇਰੀਆ ਦੀ ਗ੍ਰਿਫ਼ਤ ਵਿੱਚ ਆ ਸਕਦਾ ਹੈ। ਮਲੇਰੀਆ ਤੇ ਡੇਂਗੂ ਦੋਹਾਂ ਦੇ ਇੱਕ ਵਾਰੀ ਹੋਣ ਨਾਲ ਪਲੇਟਲੈਟਸ ਦੀ ਗਿਣਤੀ ਖਤਰਨਾਕ ਪੱਧਰ ਤੱਕ ਘੱਟ ਹੋ ਜਾਂਦੀ ਹੈ। ਜਿਸ ਕਰਕੇ ਸਮੱਸਿਆ ਜਟਿਲ ਹੋ ਜਾਂਦੀ ਹੈ। ਡੇਂਗੂ ਦੇ ਮੌਸਮ 'ਚ ਬੁਖਾਰ ਲਈ ਐਸਪਰੀਨ ਨਹੀਂ ਲੈਣੀ ਚਾਹੀਦੀ ਕਿਉਂਕਿ ਇਸ ਨਾਲ ਖ਼ੂਨ ਵਗਣ ਦਾ ਖ਼ਤਰਾ ਰਹਿੰਦਾ ਹੈ। ਡੇਂਗੂ ਜ਼ਿਆਦਾਤਰ ਜਟਿਲ ਬੁਖਾਰ ਦੇ ਆਉਣ ਤੋਂ ਇੱਕ ਦੋ ਦਿਨ ਪਿੱਛੋਂ ਹੁੰਦਾ ਹੈ ਤੇ ਇਸ ਦੌਰਾਨ ਬਹੁਤੇ ਲੋਕ ਧਿਆਨ ਨਹੀਂ ਦਿੰਦੇ। ਪੇਟ ਵਿੱਚ ਕਿਸੇ ਵੀ ਕਿਸਮ ਦਾ ਦਰਦ, ਬੁਖਾਰ ਪਿੱਛੋਂ ਕਮਜ਼ੋਰੀ ਜਾਂ ਆਲਸਪਣ ਹੋਵੇ ਤਾਂ ਡਾਕਟਰ ਦੀ ਰਾਇ ਲੈਣੀ ਚਾਹੀਦੀ ਹੈ। ਇਸ ਦੌਰਾਨ ਡੇਂਗੂ ਦੀ ਜਟਿਲਤਾ ਬਲੱਡ ਵਾਅਲੂਮ ਦੇ ਸ਼ਿਫਟ ਹੋਣ ਨਾਲ ਹੁੰਦੀ ਹੈ ਤੇ ਅਜਿਹੇ ਮਰੀਜ਼ ਨੂੰ ਤੁਰੰਤ ਤਰਲ ਪਦਾਰਥ ਦੇਣ ਦੀ ਲੋੜ ਹੁੰਦੀ ਹੈ ਤਾਂ ਕਿ ਉਦੋਂ ਤੱਕ ਹੈਮਰੇਜ ਨਾ ਹੋਵੇ। ਪਲੇਟਲੈਟਸ ਦੀ ਗਿਣਤੀ 20 ਹਜ਼ਾਰ ਤੋਂ ਘਟੇ ਨਾ ਤਾਂ ਫਿਰ ਪਲੇਟਲੈਟਸ ਦਿਤੇ ਜਾਣ ਦੀ ਜ਼ਰੂਰਤ ਨਹੀਂ ਹੁੰਦੀ।

ਕੁਦਰਤੀ ਤਬਦੀਲੀਆਂ ਨਾਲ ਡੇਂਗੂ ਦਾ ਵਾਇਰਸ ਘਾਤਕ ਹੋ ਚੁੱਕਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਡੇਂਗੂ ਦੀ ਸਮੱਸਿਆ ਦਿਨੋਂ ਦਿਨ ਭਿਅੰਕਰ ਕਿਉਂ ਹੁੰਦੀ ਜਾ ਰਹੀ ਹੈ ਜਦ ਕਿ ਸਿਹਤ ਪ੍ਰਤੀ ਲੋਕਾਂ ਵਿੱਚ ਚੇਤਨਾ ਵਧੀ ਹੈ ਤੇ ਸਰਕਾਰ ਦਾ ਖਰਚਾ ਵੀ ? ਡੇਂਗੂ ਦੋ ਕਾਰਨਾਂ ਕਰਕੇ ਵਧਿਆ ਹੈ, ਇੱਕ ਸ਼ਹਿਰੀਕਰਨ ਕਰਕੇ ਤੇ ਦੂਜਾ ਸਨਅਤੀਕਰਨ ਕਰਕੇ।ਇਸ ਦੇ ਵਾਇਰਸ ਵਿੱਚ ਹੋ ਰਹੀ ਮਿਊਟੇਸ਼ਨ ਭਾਵ ਢਾਂਚਾ ਢਲਾਈ ਕਰਕੇ ਇਹ ਵੱਧ ਖਤਰਨਾਕ ਹੋ ਗਿਆ ਹੈ। ਸ਼ਹਿਰਾਂ ਵਿੱਚ ਜਿੱਥੇ ਉਸਾਰੀ ਦੀਆਂ ਸਰਗਰਮੀਆਂ ਤੇਜ਼ ਹੋ ਰਹੀਆਂ ਹਨ, ਪ੍ਰਤੀ ਵਰਗ ਕਿਲੋਮੀਟਰ 'ਤੇ ਆਬਾਦੀ ਦਾ ਦਬਾਅ ਜ਼ਿਆਦਾ ਹੈ, ਉੱਥੇ ਡੇਂਗੂ ਦੇ ਕੇਸ ਵੱਧ ਰਹੇ ਹਨ। ਵਜਾਹ ਸਾਫ਼ ਹੈ ਕਿ ਉਸਾਰੀ ਸਰਗਰਮੀਆਂ ਕਾਰਨ ਥਾਂ ਥਾਂ ਪਾਣੀ ਜਮ੍ਹਾਂ ਹੁੰਦਾ ਹੈ। ਦੂਜਾ ਸਾਡੇ ਇੱਥੇ ਨਿਕਾਸੀ (ਡਰੇਨੇਜ਼) ਪ੍ਰਬੰਧ ਵਿੱਚ ਖ਼ਰਾਬੀ ਕਰਕੇ ਵੀ ਕਈ ਵਾਰੀ ਪਾਣੀ ਜਮ੍ਹਾ ਹੋ ਜਾਂਦਾ ਹੈ। ਸਾਫ ਪਾਣੀ 'ਚ ਹੀ ਏਡੀਜ਼ ਮੱਛਰ ਵਧਦਾ ਫੁੱਲਦਾ ਹੈ। ਮੱਛਰ ਪਾਣੀ ਚ ਅੰਡੇ ਦਿੰਦਾ ਹੈ ਅਤੇ ਦਿਨ ਰਾਤ ਦੁੱਗਣੀ ਚੌਗੁਣੀ ਰਫ਼ਤਾਰ ਨਾਲ ਵਧਦਾ ਜਾਂਦਾ ਹੈ। ਮੱਛਰਾਂ ਦੀ ਇਹੀ ਫੌਜ ਦਿਨ 'ਚ ਲੋਕਾਂ ਨੂੰ ਕੱਟ ਕੇ ਡੇਂਗੂ ਫੈਲਾਉਂਦੀ ਹੈ।

### ਵਾਇਰਸ ਘਾਤਕ ਕਿਵੇਂ ਹੋ ਰਿਹਾ ਹੈ ?

ਡੇਂਗੂ ਵਾਇਰਸ ਚਾਰ ਕਿਸਮ ਦਾ ਹੁੰਦਾ ਹੈ। ਇਹ ਡੇਂਗੂ 1,2,3,ਤੇ 4 ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਕੁਦਰਤ ਵਿੱਚ ਆ ਰਹੇ ਬਦਲਾਵਾਂ ਕਾਰਨ ਇਨ੍ਹਾਂ ਵਾਇਰਸਾਂ ਵਿੱਚ ਵੀ ਤਬਦੀਲੀਆਂ ਆ ਰਹੀਆਂ ਹਨ। ਇਹ ਵੀ ਵੇਖਿਆ ਗਿਆ ਹੈ ਕਿ ਇੱਕ ਵਾਇਰਸ ਦੀ ਇਨਫੈਕਸ਼ਨ ਪਿੱਛੋਂ ਦੂਜੇ ਵਾਇਰਸ ਦੀ ਇਨਫੈਕਸ਼ਨ ਨਹੀਂ ਹੁੰਦੀ ਸੀ ਪਰ ਹੁਣ ਕਈ ਮਰੀਜ਼ ਅਜਿਹੇ ਵੀ ਆ ਰਿਹੈ ਜਿਨ੍ਹਾਂ ਨੂੰ ਪਿਛਲੇ ਸਾਲ ਡੇਂਗੂ-1 ਦੀ ਇਨਫੈਕਸ਼ਨ ਹੋਈ ਸੀ ਤੇ ਇਸ ਸਾਲ ਡੇਂਗੂ-2 ਵੀ ਇਨਫੈਕਸ਼ਨ ਹੋ ਰਹੀ ਹੈ। ਵਾਇਰਸ ਦੀਆਂ ਵੱਖ ਵੱਖ ਉਪ ਕਿਸਮਾਂ ਤੋਂ ਜੋ ਪ੍ਰਤੀਰੋਧੀ ਸਮਰੱਥਾ ਹੁੰਦੀ ਹੈ ਉਹ ਜਾਂ ਤਾਂ ਖਤਮ ਹੋ ਰਹੀ ਹੈ ਜਾਂ ਘੱਟ ਹੋ ਰਹੀ ਹੈ।

### ਕਿਵੇਂ ਪਤਾ ਲੱਗੇ ਕਿ ਬੁਖਾਰ ਡੇਂਗੂ ਹੀ ਹੈ:-

102 ਡਿਗਰੀ ਤੋਂ ਵੱਧ ਵਾਲਾ ਤੇਜ਼ ਬੁਖਾਰ ਲੱਗਭੱਗ ਦੋ ਦਿਨ ਰਹੇ, ਨਾਲ ਹੀ ਸਿਰ ਦਰਦ,ਬਦਨ ਦਰਦ,ਪੇਟ ਦਰਦ,ਉਲਟੀਆਂ'ਪੇਟ ਵਿੱਚ ਮਰੋੜੇ ਉਠਣੇ ਆਦਿ ਵਰਗੇ ਲੱਛਣ ਡੇਂਗੂ ਦੇ ਹੋ ਸਕਦੇ ਹਨ। ਜੇ ਇਨ੍ਹਾਂ ਚੋਂ ਕੋਈ ਦੋ ਲੱਛਣ ਹਨ ਤਾਂ ਡੇਂਗੂ ਹੋ ਸਕਦਾ ਹੈ। ਖ਼ੂਨ ਦੀ ਜਾਂਚ ਕਰਾ ਲੈਣੀ ਚਾਹੀਦੀ ਹੈ। ਜੇ ਜਾਂਚ ਵਿੱਚ ਪਲੇਟਲੈਟਸ ਤੇ ਚਿੱਟੇ ਰਕਤ ਕਣਾ ਵਿੱਚ ਕੋਈ ਕਮੀ ਦਿਸਦੀ ਹੋਵੇ ਤਾਂ ਡੇਂਗੂ ਦੀਆਂ ਸੰਭਾਵਨਾਵਾਂ ਜ਼ਿਆਦਾ ਹੁੰਦੀਆਂ ਹਨ। ਇਸ ਪਿੱਛੋਂ ਦੋ ਦੋ ਟੈਸਟ ਹੋਰ ਐਨ ਐਸ ਆਈ ਐਂਟੀਜਨ ਤੇ ਡੇਂਗੂ ਸਿਰੋਲੋਜੀ ਐਂਟੀਬਾਡੀਜ਼ ਕੀਤੀ ਜਾਂਦੇ ਹਨ। ਜੇ ਇਹ ਟੈਸਟ ਵੀ ਪੋਜੇਟਿਵ ਹੋਣ ਤਾਂ ਡੇਂਗੂ ਦੀ ਕਰੀਬ ਕਰੀਬ ਪੁਸ਼ਟੀ ਹੋ ਜਾਂਦੀ ਹੈ। ਸੌ ਫੀਸਦੀ ਪੁਸ਼ਟੀ ਤੇ ਉਸ ਦੀ ਕਿਸਮ ਦੀ ਪੁਸ਼ਟੀ ਡੇਂਗੂ ਵਾਇਰਸ ਕਲਵਰ ਨਾਲ ਹੁੰਦੀ ਹੈ। ਇਹ ਸਹੂਲਤ ਸਿਰਫ ਵੱਡੀਆਂ ਲਬਾਰਟਰੀਆਂ ਵਿੱਚ ਹੀ ਹੈ, ਜਿਵੇਂ ਦਿੱਲੀ ਚ ਨੈਸ਼ਨਲ ਸੈਂਟਰ ਫਾਰ ਦਿ ਡਿਸੀਜ ਕੰਟਰੋਲ(ਐੱਨਸੀਡੀਸੀ) ਤੇ ਪੂਣੇ ਵਿੱਚ ਨੈਸ਼ਨਲ ਇੰਸਟੀਚਿਊਟ ਆਫ ਬਾਇਰੋਲੋਜੀ ਵਿੱਚ ਇਹ ਸਹੂਲਤ ਹੈ।ਡੇਂਗੂ ਦੀ ਪੁਸ਼ਟੀ ਲਈ ਇਨ੍ਹਾਂ ਸੰਸਥਾਵਾਂ 'ਚ ਨਮੂਨੇ ਭੇਜੇ ਜਾਂਦੇ ਹਨ।

### ਮਰੀਜ਼ਾਂ ਨੂੰ ਹਸਪਤਾਲ ਭਰਤੀ ਕਰਨ ਦੀ ਲੋੜ ਕਦੋਂ ਪੈਂਦੀ ਹੈ ?

ਜਦ ਗੁੰਝਲਾਂ ਰੁੱਕ ਨਾ ਰਹੀਆਂ ਹੋਣ ਅਤੇ ਪਲੇਟਲੈੱਟ ਲਗਾਤਾਰ ਘੱਟ ਰਹੇ ਹੋਣ ਤਾਂ ਅਜਿਹੀ ਹਾਲਤ ਵਿੱਚ ਮਰੀਜ਼ ਨੂੰ ਭਰਤੀ ਕਰਵਾਉਣਾ ਬਿਹਤਰ ਹੁੰਦਾ ਹੈ। ਜੇ ਅਜਿਹੀ ਹਾਲਤ ਨਾ ਹੋਵੇ ਤਾਂ ਰੋਗੀ ਦਾ ਘਰ ਬੈਠ ਕੇ ਹੀ ਇਲਾਜ ਕੀਤਾ ਜਾਂਦਾ ਹੈ।

### ਡੇਂਗੂ ਦਾ ਪੱਕਾ ਇਲਾਜ ਹੈ ਕੋਈ ?

ਡੇਂਗੂ ਵਾਇਰਸ ਨੂੰ ਮਾਰਨ ਵਾਲੀ ਵੱਖਰੀ ਕੋਈ ਦਵਾਈ ਨਹੀਂ ਹੈ ਸਿਰਫ ਲੱਛਣਾਂ ਦੇ ਆਧਾਰ ਤੇ ਮੁਹੱਈਆ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ,ਨਾ ਹੀ ਅਜੇ ਤੱਕ ਡੇਂਗੂ ਰੋਕਣ ਵਾਲਾ ਟੀਕਾ (ਵੈਕਸੀਨ) ਹੀ ਬਣਿਆ ਹੈ।

ਆਮ ਬੁਖਾਰ ਦੇ ਮੁਕਾਬਲਤਨ ਡੇਂਗੂ ਘਾਤਕ ਕਿਵੇਂ ਕਿਹਾ ਜਾ ਸਕਦਾ ਹੈ ?

ਡੇਂਗੂ ਦੌਰਾਨ ਖ਼ੂਨ ਦੇ ਇਕ ਮਹੱਤਵਪੂਰਨ ਤੱਤ ਪਲਾਜ਼ਮਾ ਦਾ ਰਿਸਾਅ ਸ਼ੁਰੂ ਹੋ ਜਾਂਦਾ ਹੈ। ਇਹ ਪਾਣੀ ਵਰਗਾ ਤਰਲ ਪਦਾਰਥ ਹੁੰਦਾ ਹੈ ਅਤੇ ਇਸ ਦੀ ਭੂਮਿਕਾ ਖ਼ੂਨ ਦੇ ਪ੍ਰਸਾਰ ਵਿੱਚ ਹੁੰਦੀ ਹੈ। ਇਸ ਦੀ ਕਮੀ ਕਾਰਨ ਗੁਰਦਿਆਂ ਸਮੇਤ ਸਰੀਰ ਦੇ ਕਈ ਅੰਗਾਂ ਤੇ ਦਬਾਅ ਪੈਣ ਲੱਗਦਾ ਹੈ। ਦੂਜਾ ਜਦ ਪਲੇਟਲੈਟ ਵੀਹ ਹਜ਼ਾਰ ਤੋਂ ਹੇਠਾਂ ਆ ਜਾਂਦੇ ਹਨ ਤਾਂ ਖ਼ੂਨ ਦਾ ਵਗਣਾ ਸ਼ੁਰੂ ਹੋ ਸਕਦਾ ਹੈ। ਇਹ ਹਾਲਤ ਵਿੱਚ ਹੀ ਜ਼ਿਆਦਾ ਦੇਰ ਬਣੀ ਰਹੇ ਜਾਂ ਇਸ ਦੀ ਸੰਭਾਵਨਾ ਹੋਵੇ ਤਾਂ ਸਰੀਰ ਚ ਖ਼ੂਨ ਦੀ ਘੱਟ ਹੋ ਜਾਂਦੀ ਹੈ। ਇਸ ਲਈ ਇਹ ਕਿਤੇ ਵੱਧ ਘਾਤਕ ਹੈ।

### ਟੈਸਟ ਕਦੋਂ ਤੇ ਕਿਹੜਾ ਕਰਵਾਇਆ ਜਾਵੇ ?

ਜੇ ਬੁਖਾਰ ਤੇਜ਼ ਹੋਵੇ, ਜੋੜਾਂ ਦੇ ਦਰਦ ਹੋਣ ਤਾਂ ਫੌਰਨ ਡੇਂਗੂ ਟੈਸਟ ਕਰਵਾਓ। ਤੇਜ਼ ਬੁਖਾਰ ਕਿਸੇ ਕਾਰਨ ਵੀ ਹੋਵੇ ਫਿਜ਼ੀਸ਼ਨ ਪਾਸ ਜਾਂਚ ਵਿੱਚ ਦੇਰ ਨਾ ਕਰੋ। ਸ਼ੁਰੂਆਤੀ ਜਾਂਚ ਲਈ ਐਂਟੀਜਨ ਬਲੱਡ ਟੈਸਟ ਐੱਨ ਐੱਸ-1 ਕੀਤਾ ਜਾਵੇ। ਹਾਲਾਂ ਕਿ ਇਸ ਟੈਸਟ ਵਿੱਚ ਡੇਂਗੂ ਸ਼ੁਰੂ ਤੋਂ ਵੱਧ ਪਾਜ਼ੇਟਿਵ ਆਉਂਦਾ ਹੈ,ਜਦੋਂ ਕਿ ਹੌਲੀ ਹੌਲੀ ਪਾਜ਼ੇਟਿਵਿਟੀ ਘੱਟ ਹੋਣ ਲੱਗਦੀ ਹੈ। ਇਹ ਸ਼ਾਇਦ ਇੱਕ ਹਜਾਰ ਤੋਂ ਪੰਦਰਾਂ ਸੌ ਰੁਪਏ ਵਿੱਚ ਹੋ ਜਾਂਦਾ ਹੈ। ਤੇਜ਼ ਬੁਖਾਰ ਹੋਣ ਦੇ ਜੇ ਤਿੰਨ ਚਾਰ ਦਿਨਾਂ ਪਿੱਛੋਂ ਟੈਸਟ ਕਰਵਾਉਂਦੇ ਹਾਂ ਤਾਂ ਐਂਟੀਬਾਡੀ ਟੈਸਟ (ਡੇਂਗੂ ਸਿਰਾਲੋਜੀ) ਹੀ ਕਰਨਾ ਚਾਹੀਦਾ ਹੈ। ਇਸ ਲਈ ਛੇ ਸੌ ਤੋਂ ਪੰਦਰਾਂ ਸੌ ਰੁਪਏ ਲਗ ਸਕਦੇ ਹਨ। ਟੈਸਟ ਦੀ ਰਿਪੋਰਟ ਤੋਂ ਚੌਵੀ ਘੰਟੇ ਵਿੱਚ ਆ ਜਾਂਦੀ ਹੈ। ਅੱਛੀ ਲਬਾਟਰੀ ਵਿੱਚ ਰਿਪੋਰਟ ਦੋ-ਤਿੰਨ ਘੰਟੇ ਵਿੱਚ ਆ ਜਾਂਦੀ ਹੈ। ਆਪ ਇਹ ਟੈਸਟ ਖਾਲੀ ਪੇਟ ਜਾਂ ਖਾਣਾ ਖਾ ਕੇ ਵੀ ਕਰਵਾ ਸਕਦੇ ਹੋ।

### ਕੀ ਹੈ ਪਲੇਟਲੈਟਸ ਦਾ ਗਣਿਤ ?

ਤੰਦਰੁਸਤ ਆਦਮੀ ਦੇ ਸਰੀਰ ਵਿੱਚ ਡੇਢ ਤੋਂ ਸਾਢੇ ਚਾਰ ਲੱਖ ਤੱਕ ਪਲੇਟਲੈਟਸ ਹੁੰਦੇ ਹਨ। ਪਲੇਟਲੈਟਸ ਖ਼ੂਨ ਦਾ ਉਹ ਹਿੱਸਾ ਹੈ ਜੋ ਸਰੀਰ ਅੰਦਰ ਖ਼ੂਨ ਦੇ ਵਗਣ(ਹੈਮਰੇਜ) ਨੂੰ ਰੋਕਣ ਦਾ ਕੰਮ ਕਰਦਾ ਹੈ। ਜੇਕਰ ਪਲੇਟਲੈਟਸ ਇੱਕ ਲੱਖ ਤੋਂ ਘਟ ਜਾਣ ਤਾਂ ਉਹਦੀ ਵਜ੍ਹਾ ਡੇਂਗੂ ਹੋ ਸਕਦੀ ਹੈ। ਪਰ ਇਹ ਵੀ ਜ਼ਰੂਰੀ ਨਹੀਂ ਕਿ ਜਿਸ ਨੂੰ ਡੇਂਗੂ ਹੋਵੇ ਉਸ ਦੇ ਪਲੇਟਲੈਟਸ ਥੱਲੇ ਜਰੂਰ ਆਉਣ ਅਤੇ ਪਲੇਟਲੈਟਸ ਘਟਣ ਦਾ ਮਤਲਬ ਲਾਜਮੀ ਡੇਂਗੂ ਨਹੀਂ। ਪਲੇਟਲੈਟਸ ਘੱਟ ਹੋਣ ਦੀ ਦੂਜੀ ਵਜ੍ਹਾ ਵੀ ਹੋ ਸਕਦੀ ਹੈ। ਕਈ ਵਾਰ ਮਲੇਰੀਏ ਚ ਵੀ ਪਲੇਟਲੈਟਸ ਘੱਟ ਹੋ ਜਾਂਦੇ ਹਨ। ਜੇ ਪਲੇਟਲੈਟਸ ਇੱਕ ਲੱਖ ਤੋਂ ਘੱਟ ਹੋ ਜਾਣ ਤਾਂ ਮਰੀਜ਼ ਨੂੰ ਹਸਪਤਾਲ ਵਿਖਾਉਣਾ ਜ਼ਰੂਰੀ ਹੋ ਜਾਂਦਾ ਹੈ।

### ਡੇਂਗੂ ਤੋਂ ਬਚਾਅ ਦੇ ਤਰੀਕੇ:-

ਹਫਤੇ ਵਿੱਚ ਇੱਕ ਵਾਰ ਕੂਲਰ ਜਾਂ ਕਿਸੇ ਵੀ ਹੋਰ ਕੰਟੇਨਰ ਦਾ ਪਾਣੀ ਜ਼ਰੂਰ ਬਦਲੋ। ਮੱਛਰਾਂ ਤੋਂ ਬਚਣ ਲਈ ਰੋਜ਼ਾਨਾ ਘਰ ਵਿੱਚ ਕੀਟਨਾਸ਼ਕ ਛਿੜਕੋ। ਕੱਪੜੇ ਅਜਿਹੇ ਪਹਿਨੋ ਕਿ ਸਰੀਰ ਨੂੰ ਪੂਰਾ ਢਕ ਕੇ ਰੱਖਣ। ਬੱਚਿਆਂ ਨੂੰ ਪੂਰੀ ਬਾਂਹ ਦੀ ਕਮੀਜ਼ ਤੇ ਪੈਂਟ ਪਹਿਨਾ ਕੇ ਖੇਡਣ ਭੇਜੋ। ਸੌਣ ਸਮੇਂ ਮੱਛਰਦਾਨੀ ਵਰਤੋ। ਘਰ ਜਾਂ ਦਫਤਰ ਦੇ ਬਾਹਰ ਪਾਣੀ ਖੜ੍ਹਾ ਨਾ ਹੋਣ ਦਿਓ। ਟੋਇਆਂ ਵਿੱਚ ਮਿੱਟੀ ਭਰ ਦਿਓ। ਨਾਲੀਆਂ ਸਾਫ ਰੱਖੋ। ਕੂਲਰ ਅਜਿਹੀ ਟਰੇਅ ਵਿੱਚ ਰੱਖੋ ਜਿੱਥੇ ਪਾਣੀ ਜਮ੍ਹਾਂ ਨਾ ਹੋ ਸਕੇ। ਪਾਣੀ ਖੜ੍ਹਾ ਹੋਵੇ ਤਾਂ ਉਸ ਉਪਰ ਕੈਰੋਸੀਨ ਤੇਲ ਪਾ ਦਿਓ। ਘਰ ਵਿੱਚ ਟੁੱਟੇ ਡੱਬੇ, ਟਾਇਰ, ਬਰਤਨ, ਬੋਤਲਾਂ ਆਦਿ ਨਾ ਰੱਖੋ। ਜੇ ਰੱਖੋ ਤਾਂ ਮੂਧਾ ਮਾਰ ਕੇ ਰੱਖੋ। ਪਾਣੀ ਦੀ ਟੈਂਕੀ ਨੂੰ ਅੱਛੀ ਤਰ੍ਹਾਂ ਬੰਦ ਕਰਕੇ ਰੱਖੋ ਕਿਉਂਕਿ ਡੇਂਗੂ ਵਾਲਾ ਮੱਛਰ ਸਾਫ਼ ਪਾਣੀ ਤੇ ਪਲਦਾ ਹੈ। ਸਵੇਰੇ ਅੱਠ ਤੋਂ ਸ਼ਾਮ ਪੰਜ ਵਜੇ ਦੇ ਵਿਚਕਾਰ ਡੇਂਗੂ (ਏਡੀਜ਼) ਮੱਛਰ ਕੱਟਦਾ ਹੈ। ਏਡੀਜ਼ ਮੱਛਰ ਸੌ ਤੋਂ ਚਾਰ ਸੌ ਮੀਟਰ ਤੱਕ ਹੀ ਉੱਡ ਸਕਦਾ ਹੈ। ਇਸ ਦੀ ਉਮਰ ਵੀ ਦਸ ਪੰਦਰਾਂ ਦਿਨ ਹੀ ਹੁੰਦੀ ਹੈ। ਇਸ ਦੌਰਾਨ ਇਹ 24 ਲੋਕਾਂ ਨੂੰ ਕੱਟ ਸਕਦਾ ਹੈ। ਮਰਨ ਤੋਂ ਪਹਿਲਾਂ ਇੱਕ ਮੱਛਰ ਆਪਣੇ ਵਰਗੇ ਦੋ ਸੌ ਹੋਰ ਮੱਛਰ ਪੈਦਾ ਕਰ ਚੁੱਕਿਆ ਹੁੰਦਾ ਹੈ। ਡੇਂਗੂ ਸੀਜ਼ਨ ਸਮੇਂ ਖ਼ੂਨ ਦੀ ਨਿਯਮਿਤ ਜਾਂਚ ਕਰਵਾਉਂਦੇ ਰਹੋ। ਜੇ ਪਲੇਟਲੈਟਸ ਵੀਹ ਹਜ਼ਾਰ ਤੋਂ ਘਟਣ ਤਾਂ ਖਾਸ ਖਿਆਲ ਰਖੋ ਤੇ ਹਸਪਤਾਲ ਚ ਭਰਤੀ ਹੋ ਕੇ ਪਲੈਟਲੈਟਸ ਚੜਾਓ। ਇਹ ਜੀਵਨ ਰੱਖਿਅਕ ਇੱਕੋ ਇੱਕ ਉਪਾਅ ਹੈ। ਵਧ ਤੋਂ ਵੱਧ ਆਰਾਮ ਕਰੋ। ਬਚਾਅ ਵਿੱਚ ਹੀ ਇਲਾਜ ਹੈ, ਇਸ ਲਈ ਅੱਛੀ ਪੌਸ਼ਟਿਕ ਖੁਰਾਕ ਖਾਓ, ਵਾਧੂ ਤਰਲ ਪਦਾਰਥ ਲਓ ਅਤੇ ਨੀਂਦ ਵੀ ਅੱਛੀ ਲਓ।

# ਇਮਤਿਹਾਨਾਂ ਵਿੱਚ ਅਣਉਚਿਤ ਸਾਧਨਾਂ (ਚੀਟਿੰਗ) ਦੀ ਵਰਤੋਂ

ਸਿੱਖਿਆ ਪ੍ਰਣਾਲੀ ਇੱਕ ਅਜਿਹਾ ਸਾਧਨ ਹੈ ਜੋ ਲੋਕਾਂ ਨੂੰ ਉਹਨਾਂ ਦੀ ਪ੍ਰਤਿਭਾ ਅਤੇ ਰੁਚੀਆਂ ਦੇ ਅਨੁਸਾਰ ਉਤਪਾਦਕ ਜੀਵਨ ਜੀਉਣ ਦੇ ਯੋਗ ਬਣਾਉਂਦਾ ਹੈ। ਸਿੱਖਿਆ ਪ੍ਰਣਾਲੀਆਂ ਨੂੰ ਪੂਰੀ ਤਰ੍ਹਾਂ ਪ੍ਰਭਾਵੀ ਬਣਾਉਣ ਲਈ ਇਹ ਇੱਕ ਵਿਅਕਤੀ ਨੂੰ ਇੱਕ ਸੁਤੰਤਰਤਾ ਅਤੇ ਅਗਵਾਈ ਦੀ ਸਿਖਲਾਈ ਦੇਣੀ ਚਾਹੀਦੀ ਹੈ। ਇਸਦੇ ਨਾਲ ਹੀ, ਇਸਨੂੰ ਇੱਕ ਪ੍ਰਗਤੀਸ਼ੀਲ ਅਤੇ ਜਮਹੂਰੀ ਸਮਾਜ ਦੀ ਸਿਰਜਣਾ ਲਈ ਲੋੜੀਂਦੀਆਂ ਸਾਰੀਆਂ ਕਿੱਤਾਮੁਖੀ ਯੋਗਤਾਵਾਂ ਦੇ ਵਿਕਾਸ ਲਈ ਪ੍ਰਦਾਨ ਕਰਨਾ ਚਾਹੀਦਾ ਹੈ। ਨੌਜਵਾਨਾਂ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਦੀ ਗੁਣਵੱਤਾ ਉਨ੍ਹਾਂ ਦੇ ਰਵੱਈਏ ਦੇ ਨਿਰਮਾਣ ਵਿੱਚ ਵੱਡਾ ਯੋਗਦਾਨ ਪਾਉਂਦੀ ਹੈ। ਇਸ ਲਈ ਜੋ ਵੀ ਸਿੱਖਿਆ ਦਿੱਤੀ ਜਾਂਦੀ ਹੈ, ਉਹ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚੋਂ ਬਾਹਰ ਨਿਕਲਣ ਵਾਲੇ ਪੜ੍ਹੇ-ਲਿਖੇ ਨੌਜਵਾਨਾਂ ਦੀ ਗੁਣਵੱਤਾ ਅਤੇ ਸੁਭਾਅ ਨੂੰ ਨਿਰਧਾਰਤ ਕਰੇਗੀ। ਸਿੱਖਿਆ ਇੱਕ ਮਹਾਨ ਨਿਰਮਾਤਾ ਹੈ ਅਤੇ ਜੇ ਇਹ ਘਾਟ ਜਾਂ ਪਤਨਸ਼ੀਲ ਹੈ ਤਾਂ ਇਹ ਵਿਨਾਸ਼ਕਾਰੀ ਵੀ ਹੋ ਸਕਦੀ ਹੈ। ਇਤਿਹਾਸ ਅਜਿਹੀਆਂ ਕਮੀਆਂ ਜਾਂ ਸਿੱਖਿਆ ਦੀ ਘਾਟ ਦਾ ਸਬੂਤ ਹੈ। ਗ੍ਰੀਸ ਅਤੇ ਰੋਮ ਕਦੇ ਇਸ ਤੱਥ ਦੇ ਕਾਰਨ ਵਿਸ਼ਵ ਨੇਤਾ ਸਨ ਕਿ ਇਹ ਸਿੱਖਣ ਅਤੇ ਸਿੱਖਿਆ ਦੇ ਮਹਾਨ ਕੇਂਦਰ ਸਨ। ਪਰ ਜਦੋਂ ਇਹਨਾਂ ਕੇਂਦਰਾਂ ਦੀ ਹੋਂਦ ਖਤਮ ਹੋ ਗਈ ਤਾਂ ਇਸ ਦੇ ਨਤੀਜੇ ਵਜੋਂ ਇਹਨਾਂ ਸਾਮਰਾਜੀਆਂ ਦਾ ਪਤਨ ਹੋਇਆ। ਜੇਕਰ ਮੌਜੂਦਾ ਸਿੱਖਿਆ ਪ੍ਰਣਾਲੀਆਂ ਦਾ ਮੁਲਾਂਕਣ ਕੀਤਾ ਜਾਵੇ ਤਾਂ ਉਹ ਵੀ ਕਈ ਤਰ੍ਹਾਂ ਦੀਆਂ ਕਮੀਆਂ ਅਤੇ ਨੁਕਸਾਂ ਤੋਂ ਪੀੜਤ ਹਨ, ਹਾਲਾਂਕਿ ਅਜੇ ਵੀ ਬਹੁਤ ਸਾਰੇ ਅਪਵਾਦ ਹਨ। ਫਿਰ ਵੀ, ਇਮਤਿਹਾਨਾਂ ਦੌਰਾਨ ਆਮ ਤੌਰ 'ਤੇ ਕੀਤੀਆਂ ਜਾਂਦੀਆਂ ਗਲਤੀਆਂ ਨੂੰ ਹੱਲ ਕਰਨ ਅਤੇ ਉਨ੍ਹਾਂ ਨੂੰ ਖਤਮ ਕਰਨ ਦੀ ਲੋੜ ਹੈ। ਇਹ ਦੁਰਵਿਵਹਾਰ ਪੂਰਵ ਆਚਰਣ, ਆਚਰਣ ਅਤੇ ਮੁਲਾਂਕਣ ਦੇ ਪੜਾਵਾਂ 'ਤੇ ਹੁੰਦੇ ਹਨ ਅਤੇ ਪ੍ਰਸ਼ਨ ਪੱਤਰਾਂ ਦੇ ਲੀਕ ਹੋਣ ਤੋਂ ਲੈ ਕੇ ਨਕਲ, ਉੱਤਰ ਪੁਸਤਕਾਂ ਨੂੰ ਬਦਲਣ, ਨਕਲ, ਪ੍ਰੀਖਿਆ ਕੇਂਦਰ ਵਿੱਚ ਦੁਰਵਿਵਹਾਰ, ਨਿਰੀਖਕਾਂ/ਪ੍ਰੀਖਿਆਰਥੀਆਂ ਤੱਕ ਪਹੁੰਚ ਕਰਨ, ਪੁਰਸਕਾਰ ਸੂਚੀ/ਪ੍ਰੀਖਿਆ ਰਜਿਸਟਰਾਂ ਵਿੱਚ ਗਲਤ ਐਂਟਰੀਆਂ ਕਰਨ ਅਤੇ ਜਾਰੀ ਕਰਨ ਤੱਕ ਹੁੰਦੇ ਹਨ। ਜਾਅਲੀ ਸਰਟੀਫਿਕੇਟ/ਡਿਗਰੀਆਂ ਆਦਿ। ਇਮਤਿਹਾਨ ਵਿੱਚ ਗਲਤ ਸਾਧਨਾਂ ਦੀ ਵਰਤੋਂ ਇੱਕ ਰੁਝਾਨ ਹੈ ਜੋ ਜਲਦੀ ਖਤਮ ਹੋਣ ਵਾਲਾ ਨਹੀਂ ਹੈ। ਸਿੱਖਿਆ ਦੀ ਪੂਰੀ ਪ੍ਰਣਾਲੀ ਪ੍ਰੀਖਿਆਵਾਂ ਦੇ ਦੁਆਲੇ ਘੁੰਮਦੀ ਹੈ ਜੋ ਸਿਸਟਮ ਦੀ ਸਫਲਤਾ ਜਾਂ ਅਸਫਲਤਾ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦੀਆਂ ਹਨ। ਉਹ ਵਿਦਿਆਰਥੀਆਂ ਦੀ ਸਫਲਤਾ ਜਾਂ ਅਸਫਲਤਾ ਦੇ ਬੈਰੋਮੀਟਰ ਵੀ ਹਨ। ਇਮਤਿਹਾਨਾਂ ਵਿੱਚ ਨਕਲ ਅਤੇ ਹੋਰ ਗੈਰ-ਉਚਿਤ ਸਾਧਨਾਂ/ਗਲਤੀਆਂ ਦਾ ਸਹਾਰਾ ਲੈਣਾ ਇੱਕ ਗੰਭੀਰ ਸਮੱਸਿਆ ਹੈ ਜਿਸ ਦੇ ਫੌਰੀ ਹੱਲ ਦੀ ਲੋੜ ਹੈ। ਇਹ ਸਮੱਸਿਆ ਸਾਡੀ ਵਿਦਿਅਕ ਪ੍ਰਣਾਲੀ ਵਿੱਚ ਇੱਕ ਬਿਮਾਰੀ ਵਾਂਗ ਹੈ ਜੋ ਨੌਜਵਾਨਾਂ ਅਤੇ ਸਮੁੱਚੇ ਸਮਾਜ ਦੇ ਭਵਿੱਖ ਨੂੰ ਵੀ ਵਿਗਾੜ ਰਹੀ ਹੈ। ਵਿਦਿਆਰਥੀ ਅਨੁਚਿਤ ਸਾਧਨਾਂ ਦਾ ਸਹਾਰਾ ਕਿਉਂ ਲੈਂਦੇ ਹਨ? ਫੇਲ੍ਹ ਹੋਣ ਦਾ ਡਰ: ਕੁਝ ਵਿਦਿਆਰਥੀਆਂ ਲਈ ਇਮਤਿਹਾਨਾਂ ਵਿੱਚ ਧੋਖਾਧੜੀ ਦਾ ਡਰ ਸਭ ਤੋਂ ਵੱਡਾ ਕਾਰਨ ਹੈ। ਕੁਝ 'ਵਿਦਿਆਰਥੀ ਇਮਤਿਹਾਨਾਂ ਵਿੱਚ ਅਸਫਲ ਹੋਣ 'ਤੇ ਬਹੁਤ ਸਾਰੀਆਂ ਸਮੱਸਿਆਵਾਂ ਦੀ ਉਮੀਦ ਕਰਦੇ ਹਨ। ਉਹਨਾਂ ਦਾ ਡਰ ਉਹਨਾਂ ਦੇ ਮਾਤਾ-ਪਿਤਾ ਵਿੱਚ ਮਾੜੇ ਗ੍ਰੇਡਾਂ, ਉਹਨਾਂ ਦੇ ਦੋਸਤਾਂ ਦਾ ਮਜ਼ਾਕ ਉਡਾਉਣ ਅਤੇ ਇੱਕ ਸੰਭਾਵਿਤ ਹਨੇਰੇ ਭਵਿੱਖ ਬਾਰੇ ਸ਼ਿਕਾਇਤ ਕਰਦੇ ਹਨ। ਉਹ ਤਣਾਅ ਵਿੱਚ ਰਹਿੰਦੇ ਹਨ ਅਤੇ ਨਤੀਜਾ ਪ੍ਰੀਖਿਆ ਵਿੱਚ ਧੋਖਾਧੜੀ ਹੁੰਦਾ ਹੈ। ਯੋਗਤਾ ਦੀ ਘਾਟ: ਬਹੁਤ ਘੱਟ ਵਿਦਿਆਰਥੀ ਹਨ ਜਿਨ੍ਹਾਂ ਕੋਲ ਪ੍ਰੀਖਿਆ ਦੀ ਚੁਣੌਤੀ ਨੂੰ ਸਵੀਕਾਰ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ। ਘੱਟ ਸਵੈ-ਮਾਣ ਅਤੇ ਆਤਮ-ਵਿਸ਼ਵਾਸ ਦੀ ਕਮੀ ਉਨ੍ਹਾਂ ਨੂੰ ਧੋਖਾ ਦੇਣ ਦਾ ਕਾਰਨ ਬਣਦੀ ਹੈ। ਸਖ਼ਤ ਪੜ੍ਹਾਈ ਕਰਨ, ਕਲਾਸਾਂ ਵੱਲ ਧਿਆਨ ਦੇਣ, ਪਾਠਾਂ ਦੀ ਸਮੀਖਿਆ ਕਰਨ ਅਤੇ ਅਭਿਆਸ ਕਰਨ ਦੀ ਬਜਾਏ ਉਹ ਪ੍ਰੀਖਿਆਵਾਂ ਵਿੱਚ ਧੋਖਾ ਦਿੰਦੇ ਹਨ। ਦਿਲਚਸਪੀ ਦੀ ਘਾਟ: ਕੁਝ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਬਿਲਕੁਲ ਵੀ ਦਿਲਚਸਪੀ ਨਹੀਂ ਹੁੰਦੀ। ਉਨ੍ਹਾਂ ਨੂੰ ਇਹ ਬੇਕਾਰ ਲੱਗਦਾ ਹੈ ਕਿਉਂਕਿ ਉਹ ਜਾਣਦੇ ਹਨ ਕਿ ਉਹ ਆਪਣੀ ਪੜ੍ਹਾਈ ਤੋਂ ਬਾਅਦ ਆਪਣੇ ਪਿਤਾ ਦਾ ਕਾਰੋਬਾਰ ਸੰਭਾਲਣ ਜਾ ਰਹੇ ਹਨ ਜਾਂ ਰਵਾਇਤੀ ਪਰਿਵਾਰਕ ਕਾਰੋਬਾਰ ਨੂੰ ਅਪਣਾਉਣ ਜਾ ਰਹੇ ਹਨ। ਉਨ੍ਹਾਂ ਲਈ, ਸਕੂਲ ਸਿਰਫ ਇੱਕ ਰਸਮੀਤਾ ਅਤੇ ਸਮਾਂ ਪਾਸ ਹੈ। ਉਹਨਾਂ ਨੂੰ ਅਧਿਐਨ ਕਰਨ ਦੀ ਕੋਈ ਲੋੜ ਨਹੀਂ ਮਿਲਦੀ ਅਤੇ ਧੋਖਾਧੜੀ ਇੱਕ ਆਸਾਨ ਤਰੀਕਾ ਜਾਪਦਾ ਹੈ। ਮੌਜ-ਮਸਤੀ ਅਤੇ ਦਿਖਾਵੇ ਲਈ ਧੋਖਾਧੜੀ: ਕੁਝ ਵਿਦਿਆਰਥੀ ਇਮਤਿਹਾਨਾਂ ਵਿੱਚ ਧੋਖਾਧੜੀ ਇਸ ਲਈ ਕਰਦੇ ਹਨ ਕਿਉਂਕਿ ਜੋਖਮ ਉਠਾਉਣ ਦਾ ਅਨੰਦ ਲੈਂਦੇ ਹਨ। ਇਹ ਹਾਸੋਹੀਣਾ ਲੱਗਦਾ ਹੈ ਪਰ ਅਸਲ ਵਿੱਚ, ਕੁਝ ਵਿਦਿਆਰਥੀ ਅਜਿਹੇ ਹੁੰਦੇ ਹਨ ਜੋ ਅਜਿਹੀਆਂ ਗਲਤ ਹਰਕਤਾਂ ਕਰਨ ਵਿੱਚ ਰੋਮਾਂਚ ਅਤੇ ਉਤਸ਼ਾਹ ਪ੍ਰਾਪਤ ਕਰਦੇ ਹਨ। ਉਹ ਆਪਣੀ ਕਾਬਲੀਅਤ ਦਿਖਾ ਕੇ ਪ੍ਰਸਿੱਧ ਹੋਣਾ ਚਾਹੁੰਦੇ ਹਨ। ਕੁਝ ਲਈ, ਇਹ ਇੱਕ ਹਉਮੈ ਦਾ ਮੁੱਦਾ ਹੈਅਤੇ ਕੁਝ ਲਈ, ਇਹ ਇੱਕ ਬਾਜ਼ੀ ਜਾਂ ਕਿਸੇ ਹੋਰ ਤਰ੍ਹਾਂ ਦੀ ਹਿੰਮਤ ਹੈ। ਸਰੋਤਾਂ ਦੀ ਉਪਲਬਧਤਾ: ਤਕਨਾਲੋਜੀ ਅਤੇ ਪੈਸੇ ਨੇ ਸਾਬਕਾ ਵਿਦਿਆਰਥੀਆਂ, ਸਹਿ-ਵਿਦਿਆਰਥੀਆਂ, ਮਾਤਾ-ਪਿਤਾ, ਅਧਿਆਪਕ, ਪ੍ਰੀਖਿਆਰਥੀ, ਨਿਰੀਖਕ, ਪ੍ਰੀਖਿਆ ਸਟਾਫ਼ ਅਤੇ ਬਾਹਰੀ ਤੱਤਾਂ ਵਰਗੇ ਤੱਤਾਂ ਦੇ ਰੂਪ ਵਿੱਚ ਧੋਖਾਧੜੀ ਦੇ ਸਾਧਨਾਂ ਦੀ ਸਹੂਲਤ ਦਿੱਤੀ। ਉਹ ਪੈਸੇ ਦੇ ਕਾਰਨ ਜਾਂ ਕਿਸੇ ਹੋਰ ਕਾਰਨ ਆਸਾਨੀ ਨਾਲ ਉਪਲਬਧ ਹਨ. ਆਸਾਨ ਪਹੁੰਚ: ਚਿੱਟ, ਗਾਈਡ, ਭੁਗਤਾਨ ਕੀਤੇ ਉਮੀਦਵਾਰ, ਪ੍ਰਸ਼ਨ ਪੱਤਰ ਲੀਕ, ਰਿਸ਼ਵਤ ਲੈਣ ਵਾਲੇ ਅਧਿਆਪਕਾਂ ਜਾਂ ਪ੍ਰੀਖਿਆਰਥੀਆਂ ਆਦਿ ਦੇ ਰੂਪ ਵਿੱਚ ਅਨੁਚਿਤ ਸਾਧਨਾਂ ਦੀ ਵਰਤੋਂ ਕਰਨਾ ਸਖਤ ਮਿਹਨਤ ਦਾ ਇੱਕ ਸ਼ਾਰਟਕੱਟ ਜਾਪਦਾ ਹੈ। ਜਦੋਂ ਸ਼ਾਰਟਕੱਟ ਹੁੰਦੇ ਹਨ ਜੋ ਅਧਿਐਨ ਕਰਨ ਲਈ ਯਤਨ ਕਰਨਾ ਚਾਹੁੰਦੇ ਹਨ. ਆਦਤਾਂ ਦੀ ਵਰਤੋਂ: ਸਫਲ ਧੋਖੇਬਾਜ਼ਾਂ ਲਈ, ਇਹ ਇੱਕ ਬੁਰੀ ਆਦਤ ਬਣ ਜਾਂਦੀ ਹੈ ਜੋ ਉਹਨਾਂ ਨੂੰ ਇਸਨੂੰ ਦੁਬਾਰਾ ਕਰਨ ਦਾ ਭਰੋਸਾ ਦਿੰਦੀ ਹੈ। ਅਜਿਹੇ ਵਿਦਿਆਰਥੀ ਫੜੇ ਜਾਣ ਦੇ ਡਰ ਦੇ ਬਾਵਜੂਦ ਧੋਖਾਧੜੀ ਤੋਂ ਬਿਨਾਂ ਕੁਝ ਨਹੀਂ ਕਰ ਸਕਦੇ ਕਿਉਂਕਿ ਡਰ ਸਫਲਤਾ ਦਾ ਸਵਾਦ ਲੈ ਕੇ ਛਾਇਆ ਹੁੰਦਾ ਹੈ। ਗਰੀਬੀ: ਕੁਝ ਵਿਦਿਆਰਥੀ ਗਰੀਬ ਪਰਿਵਾਰਾਂ ਤੋਂ ਆਉਂਦੇ ਹਨ ਅਤੇ ਉਹ ਸਕੂਲ ਦੇ ਕੰਮ ਨਾਲ ਸਿੱਝਣ ਲਈ ਤਨਖਾਹ ਵਾਲੇ ਰੁਜ਼ਗਾਰ ਵਿੱਚ ਬਹੁਤ ਜ਼ਿਆਦਾ ਘੰਟੇ ਕੰਮ ਕਰ ਰਹੇ ਹਨ। ਉਹ ਜਾਂ ਤਾਂ ਅਧਿਐਨ ਕਰ ਸਕਦੇ ਹਨ ਜਾਂ ਕੰਮ ਕਰ ਸਕਦੇ ਹਨ, ਇਸਲਈ ਇੱਕ ਆਸਾਨ ਤਰੀਕਾ ਹੈ ਅਨੁਚਿਤ ਸਾਧਨਾਂ ਦੀ ਵਰਤੋਂ ਕਰਨਾ। ਪਦਾਰਥਾਂ ਦੀ ਲਤ: ਕਈਆਂ ਨੇ ਨਸ਼ੇ ਜਾਂ ਅਲਕੋਹਲ ਦੀ ਲਤ ਵਿਕਸਿਤ ਕੀਤੀ ਹੈ। ਅਜਿਹੇ ਵਿਦਿਆਰਥੀਆਂ ਦੇ ਮਨ ਵਿੱਚ ਸਿਰਫ਼ ਇੱਕ ਗੱਲ ਹੁੰਦੀ ਹੈ ਅਤੇ ਉਹ ਇੱਕ ਗੱਲ ਉਨ੍ਹਾਂ ਨੂੰ ਪੜ੍ਹਾਈ ਤੋਂ ਦੂਰ ਕਰ ਦਿੰਦੀ ਹੈ। ਸਮਾਜ ਵਿਰੋਧੀ ਤੱਤ: ਹਿੰਸਾ ਅਤੇ ਮਨੋਵਿਗਿਆਨਕ ਸਮੱਸਿਆਵਾਂ ਦਾ ਇਤਿਹਾਸ ਰੱਖਣ ਵਾਲੇ ਪਰਿਵਾਰਾਂ ਦੇ ਵਿਦਿਆਰਥੀ ਆਪਣੇ ਵਾਤਾਵਰਣ ਤੋਂ ਪ੍ਰਭਾਵਿਤ ਹੁੰਦੇ ਹਨ। ਉਹ ਅਪਰਾਧ ਅਤੇ ਹੋਰ ਸਮਾਜ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ ਜੋ ਉਹਨਾਂ ਨੂੰ ਪੜ੍ਹਾਈ ਤੋਂ ਦੂਰ ਕਰ ਦਿੰਦੇ ਹਨ ਚੰਗੇ ਗ੍ਰੇਡ: ਕੁਝ ਵਿਦਿਆਰਥੀ ਅਭਿਲਾਸ਼ੀ ਹੁੰਦੇ ਹਨ ਅਤੇ ਨਾਮਵਰ ਕਾਲਜ ਜਾਂ ਯੂਨੀਵਰਸਿਟੀ ਵਿਚ ਦਾਖਲਾ ਲੈਣ ਲਈ ਹਰ ਕੀਮਤ 'ਤੇ ਚੰਗੇ ਗ੍ਰੇਡ ਚਾਹੁੰਦੇ ਹਨ। ਹਾਲਾਂਕਿ ਉਨ੍ਹਾਂ ਵਿੱਚੋਂ ਬਹੁਤ ਸਾਰੇ ਹੁਸ਼ਿਆਰ ਵਿਦਿਆਰਥੀ ਹਨ, ਉਹ ਚੋਟੀ ਦਾ ਕੋਈ ਮੌਕਾ ਨਹੀਂ ਛੱਡਣਾ ਚਾਹੁੰਦੇ ਹਨ ਅਤੇ ਲੋਭੀ ਦਾਖਲਾ ਜਾਂ ਸਕਾਲਰਸ਼ਿਪ ਪ੍ਰਾਪਤ ਕਰਨ ਲਈ ਧੋਖਾਧੜੀ ਕਰਨ ਦਾ ਲਾਲਚ ਬਹੁਤ ਸ਼ਕਤੀਸ਼ਾਲੀ ਬਣ ਜਾਂਦਾ ਹੈ। ਹੁੱਕ ਦੁਆਰਾ ਜਾਂ ਕਰੂਕ ਦੁਆਰਾ: ਅਜੋਕੇ ਸਮੇਂ ਵਿੱਚ ਜਾਂ ਤਾਂ ਹੁੱਕ ਦੁਆਰਾ ਜਾਂ ਕਰੂਕ ਦੁਆਰਾ ਕੰਮ ਕਰਵਾਉਣ ਦਾ ਪ੍ਰਚਲਿਤ ਰਵੱਈਆ ਸਵੀਕਾਰਯੋਗ ਅਤੇ ਇੱਕ ਤਰ੍ਹਾਂ ਦਾ ਆਦਰਸ਼ ਬਣਦਾ ਜਾ ਰਿਹਾ ਹੈ। ਭ੍ਰਿਸ਼ਟ ਅਧਿਕਾਰੀ ਅਤੇ ਸਰਕਾਰਾਂ ਪ੍ਰਮੁੱਖ ਉਦਾਹਰਣਾਂ ਹਨ। ਅਜਿਹੇ ਮਾਹੌਲ ਵਿੱਚ ਧੋਖਾਧੜੀ ਕੋਈ ਵੱਡੀ ਗੱਲ ਨਹੀਂ ਹੈ। ਇਮਤਿਹਾਨ ਵਿੱਚ ਗਲਤ ਸਾਧਨਾਂ ਦੀ ਵਰਤੋਂ ਦੀ ਸਮੱਸਿਆ ਨਾਲ ਕਿਵੇਂ ਨਜਿੱਠਣਾ ਹੈ? ਇਮਤਿਹਾਨਾਂ ਦਾ ਉਦੇਸ਼: ਜਦੋਂ ਇਮਤਿਹਾਨਾਂ ਦਾ ਉਦੇਸ਼ ਸਿੱਖਣ ਦੇ ਮੁੱਲ ਦੀ ਬਜਾਏ ਗ੍ਰੇਡ ਹਾਸਲ ਕਰਨ ਦਾ ਤਰੀਕਾ ਬਣ ਜਾਂਦਾ ਹੈ, ਤਾਂ ਵਿਦਿਆਰਥੀਆਂ ਦੀਆਂ ਨਜ਼ਰਾਂ ਵਿੱਚ ਇਮਤਿਹਾਨਾਂ ਦੇ ਮੁੱਲ ਵਿੱਚ ਗਿਰਾਵਟ ਆਉਂਦੀ ਹੈ। ਫਿਰ ਇਹ ਇੱਕ ਰਸਮੀਤਾ ਬਣ ਜਾਂਦੀ ਹੈ। ਕਾਨੂੰਨੀ ਨਤੀਜੇ: ਧੋਖਾਧੜੀ ਨੂੰ ਰੋਕਣ ਲਈ ਧੋਖਾਧੜੀ ਬਾਰੇ ਸਖ਼ਤ ਕਾਨੂੰਨ ਲਾਗੂ ਕੀਤੇ ਜਾਣੇ ਚਾਹੀਦੇ ਹਨ। ਸੂਚਨਾ ਦੇਣ ਵਾਲਿਆਂ ਨੂੰ ਪ੍ਰੋਤਸਾਹਨ: ਜੋ ਵਿਦਿਆਰਥੀ ਲੁਟੇਰਿਆਂ ਤੋਂ ਜਾਣੂ ਹਨ, ਉਨ੍ਹਾਂ ਨੂੰ ਇਸ ਕੁਤਾਹੀ ਨੂੰ ਰੋਕਣ ਲਈ ਗੁਪਤ ਰੂਪ ਵਿੱਚ ਪ੍ਰੋਤਸਾਹਨ ਦਿੱਤੇ ਜਾਣੇ ਚਾਹੀਦੇ ਹਨ। ਵੀਡੀਓ ਨਿਗਰਾਨੀ: ਕੈਮਰਿਆਂ ਦੀ ਵਰਤੋਂ ਭਾਵੇਂ ਉਹ ਡਮੀ ਕਿਉਂ ਨਾ ਹੋਣ, ਟੇਪ ਹੋਣ ਦਾ ਡਰ ਅਤੇ ਫੜੇ ਜਾਣ ਦੀ 100% ਸੰਭਾਵਨਾ ਪੈਦਾ ਕਰਦਾ ਹੈ ਜੋ ਆਪਣੇ ਆਪ ਵਿੱਚ ਧੋਖਾਧੜੀ ਨੂੰ ਰੋਕਦਾ ਹੈ। ਸਕੂਲ ਸਟਾਫ ਨੂੰ ਟਰੈਕ ਕਰਨਾ: ਸਕੂਲ ਦੇ ਸਟਾਫ ਨੂੰ ਸੰਭਾਵੀ ਅਪਰਾਧੀ ਲਈ ਕਿਰਾਏ 'ਤੇ ਰੱਖੇ ਜਾਸੂਸਾਂ ਦੁਆਰਾ ਟਰੈਕ ਕੀਤਾ ਜਾ ਸਕਦਾ ਹੈ। ਧੋਖਾਧੜੀ ਬਾਰੇ ਨੀਤੀਆਂ ਅਤੇ ਦਿਸ਼ਾ-ਨਿਰਦੇਸ਼ਾਂ 'ਤੇ ਵਾਧੂ ਤਣਾਅ: ਇਹਨਾਂ ਨੂੰ ਵਿਦਿਆਰਥੀਆਂ ਨੂੰ ਵੱਖ-ਵੱਖ ਤਰੀਕਿਆਂ ਜਿਵੇਂ ਬੁਲੇਟਿਨ ਬੋਰਡ, ਇਮਤਿਹਾਨਾਂ ਤੋਂ ਪਹਿਲਾਂ ਜ਼ੁਬਾਨੀ ਘੋਸ਼ਣਾ, ਇਮਤਿਹਾਨ ਸ਼ੀਟ 'ਤੇ ਚੇਤਾਵਨੀ ਆਦਿ ਨਾਲ ਪੂਰੀ ਤਰ੍ਹਾਂ ਨਾਲ ਸੰਚਾਰਿਤ ਕਰਨ ਦੀ ਲੋੜ ਹੁੰਦੀ ਹੈ। ਇਹ ਧੋਖਾਧੜੀ ਦੇ ਡਰ ਅਤੇ ਅਸਵੀਕਾਰਨ ਨੂੰ ਉਕਸਾਉਂਦਾ ਹੈ। ਨਿਰਪੱਖ ਪ੍ਰੀਖਿਆਵਾਂ: ਵਿਦਿਆਰਥੀਆਂ ਲਈ ਨਿਰਪੱਖ ਪ੍ਰੀਖਿਆਵਾਂ ਬਣਾਉਣ ਦੀ ਲੋੜ ਹੈ। ਕੁਝ ਵਿਦਿਆਰਥੀ ਧੋਖਾਧੜੀ ਦੇ ਬਹਾਨੇ "ਅਣਉਚਿਤ" ਟੈਸਟ ਦੇਣ ਲਈ ਇੱਕ ਇੰਸਟ੍ਰਕਟਰ ਦੀ ਸਾਖ ਦੀ ਵਰਤੋਂ ਕਰਦੇ ਹਨ। "ਨਿਰਪੱਖ" ਦਾ ਮਤਲਬ ਹੈ ਕਿ ਇਮਤਿਹਾਨ ਉਸ ਸਮੱਗਰੀ ਦੀ ਜਾਂਚ ਕਰਦਾ ਹੈ ਜੋ ਤੁਸੀਂ ਕਿਹਾ ਸੀ ਕਿ ਇਹ ਕਵਰ ਕਰੇਗੀ, ਵਿਦਿਆਰਥੀਆਂ ਕੋਲ ਇਮਤਿਹਾਨ ਨੂੰ ਪੂਰਾ ਕਰਨ ਲਈ ਕਾਫ਼ੀ ਸਮਾਂ ਹੈ ਅਤੇ ਇਹ ਕਿ ਇੱਕ ਵਾਜਬ ਗ੍ਰੇਡ ਵੰਡ ਹੈ। ਪ੍ਰੀ-ਕੋਡ ਵਾਲੀਆਂ ਸ਼ੀਟਾਂ: ਪ੍ਰੀ-ਕੋਡ ਉੱਤਰ ਪੱਤਰੀਆਂ ਅਤੇ ਟੈਸਟ ਬੁੱਕਲੇਟਾਂ ਦੀ ਵਰਤੋਂ ਜੋ ਇੱਕ ਨੰਬਰਿੰਗ ਪ੍ਰਣਾਲੀ ਦੀ ਵਰਤੋਂ ਕਰਦੇ ਹਨ ਤਾਂ ਜੋ ਹਰੇਕ ਟੈਸਟ ਬੁੱਕਲੇਟ 'ਤੇ ਨੰਬਰ ਨਾਲ ਮੇਲ ਖਾਂਦਾ ਹੋਵੇਈ ਹਰੇਕ ਵਿਦਿਆਰਥੀ ਦੀ ਉੱਤਰ ਪੱਤਰੀ 'ਤੇ ਵੀ ਧੋਖਾਧੜੀ ਨੂੰ ਰੋਕਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ। ਹੁਸ਼ਿਆਰ ਮਾਰਕਿੰਗ: ਵਿਦਿਆਰਥੀਆਂ ਨੂੰ ਇਮਤਿਹਾਨ ਵਾਪਸ ਕੀਤੇ ਜਾਣ ਤੋਂ ਬਾਅਦ ਧੋਖਾਧੜੀ ਨੂੰ ਖਤਮ ਕਰਨ ਲਈ, ਉੱਤਰ ਪੱਤਰੀਆਂ ਨੂੰ ਇਸ ਤਰੀਕੇ ਨਾਲ ਚਿੰਨ੍ਹਿਤ ਕਰੋ ਕਿ ਜਵਾਬਾਂ ਨੂੰ ਬਦਲਿਆ ਨਾ ਜਾ ਸਕੇ (ਜਿਵੇਂ ਕਿ ਸਥਾਈ ਫਿਲਟ-ਟਿਪ ਪੈੱਨ ਦੀ ਵਰਤੋਂ ਕਰਨਾ)। ਬੈਠਣ ਦੀ ਵਿਵਸਥਾ: ਸੀਟਾਂ ਅਤੇ ਟੈਸਟਾਂ ਦੀ ਗਿਣਤੀ ਕਰੋ ਅਤੇ ਫਿਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਟੈਸਟ 'ਤੇ ਦਿੱਤੇ ਨੰਬਰ ਦੇ ਨਾਲ ਸੀਟ 'ਤੇ ਬੈਠਣ ਲਈ ਨਿਰਧਾਰਤ ਕਰੋ।

-ਵਿਜੈ ਗਰਗ

CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.

Lic. 600094

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Drug and Alcohol Test
DOT / NON DOT
Capital DRUG TESTING
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




# ਗਾਜ਼ੀਪੁਰ ਬਾਰਡਰ ’ਤੇ ਜਾਮ ਨਾਲ ਆਵਾਜਾਈ ਪ੍ਰਭਾਵਿਤ, ਦਿੱਲੀ ਟ੍ਰੈਫਿਕ ਪੁਲਿਸ ਵੱਲੋਂ ਐਡਵਾਈਜ਼ਰੀ ਜਾਰੀ



ਨਵੀਂ ਦਿੱਲੀ, 15 ਫਰਵਰੀ (ਪੋਸਟ ਬਿਊਰੋ): ਕਿਸਾਨਾਂ ਨੂੰ ਰੋਕਣ ਲਈ ਦਿੱਲੀ ‘ਚ ਦਾਖਲ ਹੋਣ ਵਾਲੀਆਂ ਸੜਕਾਂ ‘ਤੇ ਕਈ ਥਾਵਾਂ ‘ਤੇ ਬੈਰੀਕੇਡ ਲਗਾਏ ਗਏ ਹਨ। ਅੱਜ ਕਿਸਾਨ ਆਗੂਆਂ ਅਤੇ ਕੇਂਦਰ ਸਰਕਾਰ ਵਿਚਾਲੇ ਚੰਡੀਗੜ੍ਹ ਵਿਖੇ ਸ਼ਾਮ 5 ਵਜੇ ਬੈਠਕ ਹੋਣ ਜਾ ਰਹੀ ਹੈ। ਦੂਜੇ ਪਾਸੇ ਦਿੱਲੀ ਦੇ ਗਾਜ਼ੀਪੁਰ ਬਾਰਡਰ ’ਤੇ ਜਾਮ ਲੱਗਾ ਹੋਇਆ ਹੈ। ਦਫ਼ਤਰੀ ਸਮੇਂ ਦੌਰਾਨ ਦਿੱਲੀ ਤੋਂ ਗਾਜ਼ੀਆਬਾਦ ਤੱਕ ਸੜਕ ’ਤੇ ਜਾਮ ਲੱਗ ਜਾਂਦਾ ਹੈ। ਜਿਸ ਕਾਰਨ ਆਵਾਜਾਈ ਦੀ ਰਫ਼ਤਾਰ ਰੁਕ ਗਈ ਹੈ।

ਯੂਪੀ ਗੇਟ ‘ਤੇ ਬੈਰੀਕੇਡਿੰਗ ਹੋਣ ਕਾਰਨ ਆਵਾਜਾਈ ਨੂੰ ਡਾਇਵਰਟ ਕਰ ਦਿੱਤਾ ਗਿਆ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਿੱਲੀ ਟ੍ਰੈਫਿਕ ਪੁਲਿਸ ਨੇ ਐਡਵਾਈਜ਼ਰੀ ਜਾਰੀ ਕਰਦਿਆਂ ਕਿਹਾ ਕਿ ਐੱਨ.ਐੱਚ.-44 ‘ਤੇ ਸਿੰਘੂ ਬਾਰਡਰ ਆਵਾਜਾਈ ਕਾਰਨ ਯਾਤਰੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਲੋਕਾਂ ਨੂੰ ਬਦਲਵੇਂ ਰਸਤੇ ਚੁਣਨ ਦੀ ਸਲਾਹ ਦਿੱਤੀ ਗਈ ਹੈ।

ਕਿਸਾਨ ਰਾਸ਼ਟਰੀ ਰਾਜਧਾਨੀ ਤੋਂ ਕਰੀਬ 200 ਕਿਲੋਮੀਟਰ ਦੂਰ ਹਨ ਪਰ ਦਿੱਲੀ ਦੇ ਲੋਕ ਤਿੰਨ ਦਿਨਾਂ ਤੋਂ ਟ੍ਰੈਫਿਕ ਜਾਮ ਨਾਲ ਜੂਝ ਰਹੇ ਹਨ। ਹਰ ਰੋਜ਼ ਮੁੱਖ ਮਾਰਗਾਂ ’ਤੇ 4 ਤੋਂ 6 ਕਿਲੋਮੀਟਰ ਲੰਬਾ ਟਰੈਫਿਕ ਜਾਮ ਲੱਗਦਾ ਹੈ। ਇਸ ਕਾਰਨ ਲੋਕ ਘੰਟਿਆਂਬੱਧੀ ਆਵਾਜਾਈ ਵਿੱਚ ਫਸੇ ਰਹਿੰਦੇ ਹਨ। ਬੁੱਧਵਾਰ ਨੂੰ ਵੀ ਟਿੱਕਰੀ ਅਤੇ ਸਿੰਘੂ ਬਾਰਡਰ ਦੀ ਹਾਲਤ ਖ਼ਰਾਬ ਰਹੀ। ਉਨ੍ਹਾਂ ਨਾਲ ਲੱਗਦੇ ਇਲਾਕਿਆਂ ਅਤੇ ਸੜਕਾਂ ‘ਤੇ ਸਾਰਾ ਦਿਨ ਟ੍ਰੈਫਿਕ ਜਾਮ ਰਿਹਾ। ਹਾਲਾਂਕਿ, ਗਾਜ਼ੀਪੁਰ ਅਤੇ ਨੋਇਡਾ ਦੀ ਚਿੱਲਾ ਸਰਹੱਦ ‘ਤੇ ਕੁਝ ਬੈਰੀਕੇਡਾਂ ਨੂੰ ਹਟਾ ਕੇ ਲਗਭਗ ਦੋ-ਦੋ ਲੇਨਾਂ ਖੋਲ੍ਹ ਦਿੱਤੀਆਂ ਗਈਆਂ, ਜਿਸ ਨਾਲ ਦਿੱਲੀ-ਯੂਪੀ ਯਾਤਰੀਆਂ ਨੂੰ ਕੁਝ ਰਾਹਤ ਮਿਲੀ। ਇੱਥੇ ਬਦਰਪੁਰ ਅਤੇ ਘਿਟੋਰਨੀ ਸਰਹੱਦ ‘ਤੇ ਵੀ ਸਥਿਤੀ ਆਮ ਵਾਂਗ ਰਹੀ।

# ਚੋਣਾਵੀ ਬਾਂਡ ਸਕੀਮ ’ਤੇ ਰੋਕ ਸਮੁੱਚੇ ਲੋਕਤੰਤਰ ਲਈ ਉਮੀਦ ਦੀ ਕਿਰਨ: ਕਪਿਲ ਸਿੱਬਲ

ਨਵੀਂ ਦਿੱਲੀ, 15 ਫਰਵਰੀ (ਪੋਸਟ ਬਿਊਰੋ): ਸੁਪਰੀਮ ਕੋਰਟ ਨੇ ਆਪਣੇ ਇਕ ਅਹਿਮ ਫੈਸਲੇ ‘ਚ ਚੁਣਾਵੀ ਬਾਂਡ ਸਕੀਮ ‘ਤੇ ਰੋਕ ਲਗਾ ਦਿੱਤੀ ਹੈ। ਵਿਰੋਧੀ ਧਿਰ ਦੇ ਆਗੂਆਂ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ‘ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਹ ਫੈਸਲਾ ਲੋਕਤੰਤਰ ਲਈ ਉਮੀਦ ਦੀ ਕਿਰਨ ਹੈ। ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਕਿਹਾ ਕਿ ਇਹ ਕਿਸੇ ਸਿਆਸੀ ਪਾਰਟੀ ਲਈ ਨਹੀਂ ਸਗੋਂ ਸਮੁੱਚੇ ਲੋਕਤੰਤਰ ਲਈ ਉਮੀਦ ਦੀ ਕਿਰਨ ਹੈ। ਇਹ ਦੇਸ਼ ਦੇ ਨਾਗਰਿਕਾਂ ਲਈ ਉਮੀਦ ਦੀ ਕਿਰਨ ਹੈ।

ਸੁਪਰੀਮ ਕੋਰਟ ਦੇ ਫੈਸਲੇ ‘ਤੇ ਕਪਿਲ ਸਿੱਬਲ ਨੇ ਕਿਹਾ, ‘ਇਹ ਪੂਰੀ ਯੋਜਨਾ ਮੇਰੇ ਮਰਹੂਮ ਦੋਸਤ ਅਰੁਣ ਜੇਤਲੀ ਦੇ ਦਿਮਾਗ ਦੀ ਉਪਜ ਸੀ, ਜੋ ਭਾਜਪਾ ਨੂੰ ਅਮੀਰ ਕਰਨ ਲਈ ਲਿਆਂਦੀ ਗਈ ਸੀ। ਹਰ ਕੋਈ ਜਾਣਦਾ ਹੈ ਕਿ ਭਾਜਪਾ ਸੱਤਾ ਵਿੱਚ ਹੈ ਅਤੇ ਚੋਣ ਬਾਂਡ ਸਕੀਮ ਦਾ ਸਭ ਤੋਂ ਵੱਧ ਲਾਭ ਸਿਰਫ਼ ਭਾਜਪਾ ਨੂੰ ਹੀ ਮਿਲੇਗਾ। ਉਨ੍ਹਾਂ ਕਿਹਾ ਕਿ ਦਿਲਚਸਪ ਗੱਲ ਇਹ ਹੈ ਕਿ ਚੋਣ ਬਾਂਡ ਸਕੀਮ ਦਾ ਚੋਣਾਂ ਨਾਲ ਕੋਈ ਸਬੰਧ ਨਹੀਂ ਹੈ। ਇਹ ਅਸਲ ਵਿੱਚ ਉਦਯੋਗ ਅਤੇ ਭਾਜਪਾ ਦਾ ਰਿਸ਼ਤਾ ਹੈ, ਜਿਸ ਦੇ ਤਹਿਤ ਭਾਜਪਾ ਨੂੰ ਵੱਡੇ ਪੱਧਰ ‘ਤੇ ਚੰਦਾ ਮਿ-ਲਿਆ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਵਿੱਚ ਭਾਜਪਾ ਨੂੰ ਕਰੀਬ ਪੰਜ ਤੋਂ ਛੇ ਹਜ਼ਾਰ ਕਰੋੜ ਰੁਪਏ ਦਾ ਚੰਦਾ ਮਿਲਿਆ ਹੈ। ਸਿੱਬਲ ਨੇ ਕਿਹਾ, ‘ਜੇ ਤੁਹਾਡੇ ਕੋਲ ਪੰਜ ਜਾਂ ਛੇ ਹਜ਼ਾਰ ਕਰੋੜ ਰੁਪਏ ਦਾ ਫੰਡ ਹੈ, ਤਾਂ ਤੁਸੀਂ ਆਪਣੀ ਸਿਆਸੀ ਪਾਰਟੀ ਦਾ ਬੁਨਿਆਦੀ ਢਾਂਚਾ ਬਣਾ ਸਕਦੇ ਹੋ। ਆਰਐੱਸਐੱਸ ਦੇ ਢਾਂਚੇ ਨੂੰ ਮਜ਼ਬੂਤ ਕਰ ਸਕਦਾ ਹੈ। ਦੇਸ਼ ਭਰ ਵਿੱਚ ਆਪਣਾ ਸੰਚਾਰ ਨੈੱਟਵਰਕ ਬਣਾ ਸਕਦੇ ਹਾਂ।

ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਕਿਹਾ, ‘ਹੁਣ ਪਤਾ ਲੱਗੇਗਾ ਕਿ ਦੇਸ਼ ਦੀ ਰਾਜਨੀਤੀ ਨੂੰ ਕਿਸ ਨੇ ਫੰਡ ਦਿੱਤਾ ਅਤੇ ਇਹ ਵੀ ਪਤਾ ਲੱਗੇਗਾ ਕਿ ਇਸ ਫੰਡਿੰਗ ਦਾ ਕਿਸ ਨੂੰ ਕੀ ਫਾਇਦਾ ਹੋਇਆ ਕਿਉਂਕਿ ਕੋਈ ਵੀ ਇੰਨੀ ਵੱਡੀ ਰਕਮ ਬਿਨਾਂ ਕਿਸੇ ਲਾਭ ਦੇ ਨਹੀਂ ਦੇਵੇਗਾ। ਕਾਂਗਰਸ ਨੇ ਚੋਣ ਬਾਂਡ ਸਕੀਮ ‘ਤੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਹ ਫੈਸਲਾ ਨੋਟਾਂ ‘ਤੇ ਵੋਟ ਦੀ ਤਾਕਤ ਨੂੰ ਹੋਰ ਮਜ਼ਬੂਤ ਕਰੇਗਾ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ, ‘ਅਸੀਂ ਸੁਪਰੀਮ ਕੋਰਟ ਦੇ ਅੱਜ ਦੇ ਫੈਸਲੇ ਦਾ ਸਵਾਗਤ ਕਰਦੇ ਹਾਂ।

# "ਨਵੀਆਂ ਕਲਮਾਂ ਨਵੀਂ ਉਡਾਣ" ਕਿਤਾਬ ਜ਼ਿਲਾ ਪਠਾਨਕੋਟ ਦਾ ਕੈਲੰਡਰ ਰਿਲੀਜ਼



ਜਲੰਧਰ, 15 ਫਰਵਰੀ (ਗਿਆਨ ਸਿੰਘ): ਨਵੀਆਂ ਕਲਮਾਂ ਨਵੀਂ ਓਡਾਣ ਕਿਤਾਬ ਦਾ ਕਲੰਡਰ ਸਨੀ ਮਹਾਜਨ ਡਾਇਰੈਕਟਰ ਪਰਤਾਪ ਵਰਲਡ ਸਕੂਲ ਪਠਾਨਕੋਟ ਦੀ ਰਹਿਨੁਮਾਈ ਹੇਠ ਰਿਲੀਜ਼ ਕੀਤਾ ਗਿਆ। ਇਸ ਮੌਕੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਸੁੱਖੀ ਬਾਠ ਕੈਨੇਡਾ ਦੇ ਉਪਰਾਲੇ ਸਦਕਾ "ਨਵੀਆਂ ਕਲਮਾਂ ਨਵੀਂ ਉਡਾਣ" ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਇਸ ਪ੍ਰੋਜੈਕਟ ਦੇ ਇੰਚਾਰਜ ਓਂਕਾਰ ਸਿੰਘ ਤੇਜੇ, ਮੈਡਮ ਪ੍ਰੀਤ ਵਲੋਂ ਬਹੁਤ ਮਿਹਨਤ ਕੀਤੀ ਜਾ ਰਹੀ ਹੈ। ਜਿਸ ਦਾ ਉਦੇਸ਼ ਬਾਲ ਸਾਹਿਤਕਾਰਾਂ ਦੀ ਬਾਂਹ ਫੜ ਕੇ ਉਹਨਾਂ ਨੂੰ ਮਾਂ ਬੋਲੀ ਅਤੇ ਸਾਹਿਤ ਨਾਲ ਜੋੜਨ ਦਾ ਹੈ। ਪਠਾਨਕੋਟ ਜ਼ਿਲੇ ਦੀ ਕਿਤਾਬ ਦੇ ਸੰਪਾਦਕ ਡਾ ਰੁਪਿੰਦਰਜਿੱਤ ਕੌਰ ਗਿੱਲ ਸੰਪਾਦਕ ਨੇ ਦੱਸਿਆ ਕਿ ਵਿਦਿਆਰਥੀਆਂ ਅੰਦਰ ਸਾਹਿਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਨਾਲ ਰਚਨਾਤਮਕ ਰੁਚੀਆਂ ਦਾ ਵਿਕਾਸ ਕੀਤਾ ਜਾ ਸਕਦਾ ਹੈ।



## ਅਮਰੀਕਾ ਵਿਚ ਅਣਪਛਾਤੇ ਵਿਅਕਤੀ ਦੇ ਹਮਲੇ ਵਿਚ ਗੰਭੀਰ ਜਖਮੀ ਹੋਏ ਭਾਰਤੀ ਦੀ ਹੋਈ ਮੌਤ



ਸੈਕਰਾਮੈਂਟੋ,ਕੈਲੀਫੋਰਨੀਆ, 15 ਫਰਵਰੀ (ਹੁਸਨ ਲੜੋਆ ਬੰਗਾ): ਬੀਤੇ ਦਿਨ ਅਣਪਛਾਤੇ ਵਿਅਕਤੀ ਦੇ ਹਮਲੇ ਵਿਚ ਗੰਭੀਰ ਰੂਪ 'ਚ ਜਖਮੀ ਹੋਏ ਭਾਰਤੀ ਮੂਲ ਦੇ ਤਕਨੀਕੀ ਮਾਹਿਰ 41 ਸਾਲਾ ਵਿਵੇਕ ਤਨੇਜਾ ਦੀ ਮੌਤ ਹੋ ਜਾਣ ਦੀ ਦੁੱਖਦਾਈ ਖਬਰ ਹੈ। ਤਨੇਜਾ ਡਾਇਨਮੋ ਟੈਕਨਾਲੋਜੀ ਕੰਪਨੀ ਦਾ ਪ੍ਰਧਾਨ ਤੇ ਸਹਿ ਸੰਸਥਾਪਕ ਸੀ। ਤਨੇਜਾ ਉਪਰ 2 ਫਰਵਰੀ ਨੂੰ ਸ਼ੋਟੋ ਰੈਸਟੋਰੈਂਟ ਦੇ ਬਾਹਰਵਾਰ ਹਮਲਾ ਕੀਤਾ ਗਿਆ ਸੀ। ਤਕਰਾਰ ਤੋਂ ਬਾਅਦ ਹਮਲਾਵਰ ਨੇ ਤਨੇਜਾ ਨੂੰ ਜਮੀਨ ਉਪਰ ਸੁੱਟ ਕੇ ਉਸ ਦੇ ਸਿਰ 'ਤੇ ਵਾਰ ਕੀਤਾ ਸੀ। ਪੁਲਿਸ ਅਨੁਸਾਰ ਤਨੇਜਾ ਇਕ ਔਰਤ ਦੀ ਮਦਦ ਲਈ ਅਗੇ ਆਇਆ ਸੀ ਜਿਸ ਨੂੰ ਸ਼ੱਕੀ ਤੰਗ ਕਰ ਰਿਹਾ ਸੀ। ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਤਨੇਜਾ ਬੁਰੀ ਤਰਾਂ ਲਹੂ ਲੁਹਾਣ ਹੋਇਆ ਪਿਆ ਸੀ। ਪੁਲਿਸ ਨੇ ਸ਼ੱਕੀ ਦੀ ਗ੍ਰਿਫਤਾਰੀ ਲਈ ਆਮ ਲੋਕਾਂ ਕੋਲੋਂ ਮਦਦ ਮੰਗੀ ਹੈ ਤੇ ਸ਼ੱਕੀ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲੇ ਨੂੰ 25000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ। ਤਨੇਜਾ ਜਿਸ ਨੇ ਯੁਨੀਵਰਸਿਟੀ ਆਫ ਵਰਜੀਨੀਆ ਤੋਂ ਗਰੈਜੂਏਸ਼ਨ ਕੀਤੀ ਸੀ ਆਪਣੇ ਆਸ ਪਾਸ ਦੇ ਲੋਕਾਂ ਵਿਚ ਬਹੁਤ ਹਰਮਨ ਪਿਆਰਾ ਸੀ।

## ਕਾਰਗਿਲ ਜੰਗ ਦੇ ਹੀਰੋ ਵਿਕਰਮ ਬੱਤਰਾ ਦੀ ਮਾਤਾ ਦਾ ਦਿਹਾਂਤ, 2014 ਵਿਚ ਲੜੀ ਸੀ ਲੋਕਸਭਾ ਚੋਣ



ਨਵੀਂ ਦਿੱਲੀ, 15 ਫਰਵਰੀ (ਪੋਸਟ ਬਿਊਰੋ): ਆਮ ਆਦਮੀ ਪਾਰਟੀ ਦੇ ਸਾਬਕਾ ਆਗੂ ਅਤੇ ਕਾਰਗਿਲ ਜੰਗ ਦੇ ਨਾਇਕ ਕੈਪਟਨ ਵਿਕਰਮ ਬੱਤਰਾ ਦੀ ਮਾਂ ਕਮਲਕਾਂਤ ਬੱਤਰਾ ਦਾ ਬੁੱਧਵਾਰ ਨੂੰ ਦੇਹਾਂਤ ਹੋ ਗਿਆ। ਉਹ 77 ਸਾਲ ਦੇ ਸਨ। ਉਨ੍ਹਾਂ ਨੇ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਦੇ ਪਾਲਮਪੁਰ ਵਿੱਚ ਆਖਰੀ ਸਾਹ ਲਿਆ। ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਸੀ। ਕਮਲਕਾਂਤ ਬੱਤਰਾ ਨੇ ਸਾਲ 2014 ਵਿੱਚ ਲੋਕ ਸਭਾ ਚੋਣ ਵੀ ਲੜੀ ਸੀ। ਉਨ੍ਹਾਂ ਨੇ ਆਮ ਆਦਮੀ ਪਾਰਟੀ ਵਲੋਂ ਚੋਣ ਲੜੀ ਸੀ। ਹਾਲਾਂਕਿ ਚੋਣਾਂ 'ਚ ਉਹ ਹਾਰ ਗਏ ਸਨ। ਬਾਅਦ 'ਚ ਉਨ੍ਹਾਂ ਨੇ 'ਆਪ' ਤੋਂ ਅਸਤੀਫਾ ਦੇ ਦਿੱਤਾ।

ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਮਲਕਾਂਤ ਬੱਤਰਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।







